@Qpatrika
@qaumipatrika punjabi
instagram.com/ qaumipatrika
Largest Circulated

विश्व भर में सबसे ज्यादा पढ़ा जाने वाला

कौमी पत्रिका
Qaumi Patrika NO.1

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।
Saturday, 21 November 2026

VISIT: www.qaumipatrika.org
Email: qpatrika@gmail.com

Punjabi National Daily

नवीं दिॱली: ਸ਼ਨੀਵਾਰ 21 ਨਵੰਬਰ 2026, 8 ਮੱਘਰ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81— ਸੰਪਾਦਕ — ਗੁਰਚਰਨ ਸਿੰਘ ਬੱਬਰ — ਸਾਲ — 45, ਅੰਕ 13, qpatrika@gmail.com ਫੋਨ : 9971359517 www.qaumipatrika.org

ਮਹਿੰਗਾਈ ਦੇ ਬੁਰੇ ਦਿਨਾਂ ਤੋਂ ਕਦੋਂ ਮਿਲੇਗੀ ਰਾਹਤ : ਜੈਰਾਮ ਰਮੇਸ਼

ਕੌਮੀ ਪਤ੍ਰਿਕਾ
ਸਿਮੀ ਕੌਰ ਬੱਬਰ


ਨਵੀਂ ਦਿੱਲੀ 20 ਨਵੰਬਰ। ਕਾਂਗਰਸ ਨੇ ਮਹਿੰਗਾਈ ਨੂੰ ਲੈ ਕੇ ਕੇਂਦਰ ਸਰਕਾਰ 'ਤੇ ਨਿਸ਼ਾਨਾ ਵਿੰਨ੍ਹ?ਆ ਅਤੇ ਸਵਾਲ ਕੀਤਾ ਕਿ ਗਰੀਬ ਅਤੇ ਮੱਧ ਵਰਗ ਆਖ਼ਰ ਕਦੋਂ ਤੱਕ ਮਹਿੰਗਾਈ ਦਾ ਦੋਹਰੀ ਮਾਰ ਝੱਲਦਾ ਰਹੇਗਾ। ਪਾਰਟੀ ਦੇ ਜਨਰਲ ਸਕੱਤਰ ਜੈਰਾਮ ਰਮੇਸ਼ ਨੇ ਮੰਗ ਕੀਤੀ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਮਹਿੰਗਾਈ 'ਤੇ 'ਵ?ਹਾਈਟ ਪੇਪਰ' ਜਾਰੀ ਕਰਨ ਅਤੇ ਅਸਮਾਨ ਛੂਹਦੀਆਂ ਕੀਮਤਾਂ ਨੂੰ ਕੰਟਰੋਲ ਕਰਨ ਲਈ ਸਰਕਾਰ ਦੇ ਠੋਸ ਕਦਮਾਂ ਦਾ ਵੇਰਵਾ ਦੇਣ। ਜੈਰਾਮ ਰਮੇਸ਼ਾ ਨੇ '✓' 'ਤੇ ਇਕ ਪੋਸਟ 'ਚ ਕਿਹਾ,ਪ੍ਰਵਚਨਮੰਤਰੀ ਜੀ ਦੱਸਣ ਕਿ ਗਰੀਬ ਅਤੇ ਮੱਧ ਵਰਗ ਕਦੋਂ ਤੱਕ ਮਹਿੰਗਾਈ ਦੇ ਇਸ ਦੋਹਰੀ ਮਾਰ ਨੂੰ ਝੱਲਦਾ ਰਹੇਗਾ? ਪ੍ਰਧਾਨ ਮੰਤਰੀ ਨੂੰ ਮਹਿੰਗਾਈ 'ਤੇ ਇਕ ਵ?ਹਾਈਟ ਪੇਪਰ ਜਾਰੀ ਕਰਨਾ ਚਾਹੀਦਾ ਹੈ ਅਤੇ ਦੇਸ਼ ਨੂੰ ਦੱਸਣਾ ਚਾਹੀਦਾ ਹੈ ਕਿ ਸਰਕਾਰ ਅਸਮਾਨ ਛੂਹਦੀਆਂ ਕੀਮਤਾਂ ਨੂੰ ਕੰਟਰੋਲ ਕਰਨ ਅਤੇ ਆਮ ਪਰਿਵਾਰਾਂ ਨੂੰ ਰਾਹਤ ਪ੍ਰਦਾਨ ਕਰਨ ਲਈ ਕਿਹੜੇ ਠੋਸ ਕਦਮ ਚੁੱਕਣ ਜਾ ਰਹੀ ਹੈ। ਉਨ੍ਹਾਂ ਕਿਹਾ,ਚੰਗੇ ਦਿਨਾਂ ਦੇ ਵਾਅਦਿਆਂ ਤੋਂ ਗੁੰਮਰਾਹ ਹੋਏ ਦੇਸ਼ ਦੇ ਲੋਕ ਕਦੋਂ ਤੱਕ ਮਹਿੰਗਾਈ ਦੇ ਬੁਰੇ ਦਿਨਾਂ ਦਾ ਸਾਹਮਣਾ ਕਰਦੇ ਰਹਿਣਗੇ? ਕਾਂਗਰਸ ਜਨਰਲ ਸਕੱਤਰ ਨੇ ਦਾਅਵਾ ਕੀਤਾ ਕਿ ਰਸੋਈ ਦਾ ਬਜਟ ਵਿਗੜ ਰਿਹਾ ਹੈ ਅਤੇ ਰੋਜ਼ਾਨਾ ਦੀਆਂ ਚੀਜ਼ਾਂ ਦੀਆਂ ਕੀਮਤਾਂ ਲਗਾਤਾਰ ਵੱਧ ਰਹੀਆਂ ਹਨ। ਉਨ੍ਹਾਂ ਕਿਹਾ ਕਿ ਮੋਬਾਈਲ ਫੋਨ ਅਤੇ ਟੈਲੀਵਿਜ਼ਨ ਤੋਂ ਲੈ ਕੇ ਬਿਸਕੁਟ ਅਤੇ ਨਮਕ ਤੱਕ ਹਰ ਚੀਜ਼ ਦੀਆਂ ਕੀਮਤਾਂ 'ਚ ਵਾਧੇ ਦੀਆਂ ਰਿਪੋਰਟਾਂ ਆ ਰਹੀਆਂ ਹਨ। ਦੁੱਧ ਦੀਆਂ ਕੀਮਤਾਂ ਵੀ ਵਧੀਆਂ ਹਨ ਅਤੇ ਘਿਓ ਤੇ ਤੇਲ ਦੀਆਂ ਕੀਮਤਾਂ ਲਗਾਤਾਰ ਵੱਧ ਰਹੀਆਂ ਹਨ। ਰਮੇਸ਼ ਨੇ ਕਿਹਾ ਕਿ ਜਦੋਂ ਕਿ ਕੁਝ ਥਾਵਾਂ 'ਤੇ ਕੀਮਤਾਂ ਵਧਾਈਆਂ ਜਾ ਰਹੀਆਂ ਹਨ ਤਾਂ ਕਿਤੇ ਪੈਕੇਟ ਦਾ ਭਰਾ ਘਟਾ ਕੇ ਗਾਹਕਾਂ ਨੂੰ ਘੱਟ ਸਾਮਾਨ ਦਿੱਤਾ ਜਾ ਰਿਹਾ ਹੈ। ਅਜਿਹੇ 'ਚ ਆਮ ਆਦਮੀ ਨੂੰ ਹਰ ਪਾਸਿਓਂ ਮਹਿੰਗਾਈ ਦੀ ਮਾਰ ਝੱਲਣੀ ਪੈ ਰਹੀ ਹੈ। ਮਹਿੰਗਾਈ ਦੇ ਅੰਕੜਿਆਂ ਦਾ ਹਵਾਲਾ ਦਿੰਦੇ ਹੋਏ, ਉਨ੍ਹਾਂ ਕਿਹਾ ਕਿ ਅਕਤੂਬਰ 'ਚ ਪ੍ਰਚੂਨ ਮਹਿੰਗਾਈ 6.09 ਫੀਸਦੀ ਅਤੇ ਖੁਰਾਕ ਮਹਿੰਗਾਈ 8.94 ਫੀਸਦੀ ਤੱਕ ਪਹੁੰਚ ਗਈ। ਉਨ੍ਹਾਂ ਦੇ ਅਨੁਸਾਰ, ਪ੍ਰਚੂਨ ਮਹਿੰਗਾਈ ਮੌਜੂਦਾ ਖਪਤਕਾਰ ਮੁੱਲ ਸੂਚਕਾਂਕ (ਸੀਪੀਆਈ) ਲੜੀ 'ਚ ਪਹਿਲੀ ਵਾਰ ਭਾਰਤੀ ਰਿਜ਼ਰਵ ਬੈਂਕ (ਆਰਬੀਆਈ) ਦੀ 6 ਪ੍ਰਤੀਸ਼ਤ ਦੀ ਉਪਰਲੀ ਸੀਮਾ ਨੂੰ ਪਾਰ ਕਰ ਗਈ। ਰਮੇਸ਼ ਨੇ ਦਾਅਵਾ ਕੀਤਾ ਕਿ ਘਰੇਲੂ ਉਪਕਰਣਾਂ ਅਤੇ ਰੋਜ਼ਾਨਾ ਦੀਆਂ ਚੀਜ਼ਾਂ ਦੀਆਂ ਵਧਦੀਆਂ ਕੀਮਤਾਂ ਕਾਰਨ, ਦੇਸ਼ ਦੇ 61 ਫੀਸਦੀ ਘਰਾਂ ਦੇ ਮਾਸਿਕ ਖਰਚੇ 'ਚ ਪਿਛਲੇ ਸਾਲ ਦੇ ਮੁਕਾਬਲੇ 20 ਫੀਸਦੀ ਤੋਂ ਵੱਧ ਦਾ ਵਾਧਾ ਹੋਇਆ ਹੈ।



ਕੋਈ ਸਾਡੇ 'ਤੇ ਆਪਣੀਆਂ ਸ਼ਰਤਾਂ ਨਾ ਥੋਪੇ, ਇਸ ਲਈ ਭਾਰਤ ਬਣਨਾ ਚਾਹੁੰਦੈ 'ਨੰਬਰ ਵਨ' : ਉਪ ਰਾਸ਼ਟਰਪਤੀ

ਕੌਮੀ ਪਤ੍ਰਿਕਾ

ਕਟਕ, 20 ਨਵੰਬਰ। ਉਪ ਰਾਸ਼ਟਰਪਤੀ ਸੀ. ਪੀ. ਰਾਧਾਕ੍ਰਿਸ਼ਨਨ ਨੇ ਸੋਮਵਾਰ ਨੂੰ ਕਿਹਾ ਕਿ ਭਾਰਤ ਦੁਨੀਆ ਦਾ 'ਨੰਬਰ ਵਨ' ਦੇਸ਼ ਬਣਨਾ ਚਾਹੁੰਦਾ ਹੈ, ਤਾਂ ਜੋ ਕੋਈ ਹੋਰ ਦੇਸ਼ ਉਸ 'ਤੇ ਆਪਣੀਆਂ ਸ਼ਰਤਾਂ ਨਾ ਥੋਪ ਸਕੇ। ਰਾਧਾਕ੍ਰਿਸ਼ਨਨ ਨੇ ਇੱਥੇ ਸ਼੍ਰੀ ਸ਼੍ਰੀ ਯੂਨੀਵਰਸਿਟੀ ਦੇ ਕੈਂਪਸ ਵਿਚ ਨਵੀਂ 'ਆਈਕਾਨਿਕ ਟਾਵਰ' ਵਿਦਿਅਕ ਇਮਾਰਤ ਦਾ ਉਦਘਾਟਨ ਕਰਨ ਤੋਂ ਬਾਅਦ ਇਕ ਸਮਾਗਮ ਨੂੰ ਸੰਬੋਧਨ ਕਰਦਿਆਂ ਇਹ ਗੱਲ ਕਹੀ। ਉਪ ਰਾਸ਼ਟਰਪਤੀ ਨੇ ਕਿਹਾ ਕਿ ਹਰ ਕਿਸੇ ਦੇ ਮਨ ਵਿਚ ਇਕ ਸਵਾਲ ਹੈ: ਅਸੀਂ ਦੁਨੀਆ ਦਾ ਨੰਬਰ ਵਨ ਰਾਸ਼ਟਰ ਕਿਉਂ ਬਣਨਾ ਚਾਹੁੰਦੇ ਹਾਂ? ਇਸ ਦੇ ਪਿੱਛੇ ਇਕ ਸੋਚੀ, ਸਪੱਸ਼ਟ ਅਤੇ ਸੱਭਿਆਚਾਰਕ ਵਿਚਾਰ ਇਹ ਹੈ ਕਿ ਅਸੀਂ ਦੂਜਿਆਂ 'ਤੇ ਆਪਣੀਆਂ ਸ਼ਰਤਾਂ ਨਹੀਂ ਥੋਪਣਾ ਚਾਹੁੰਦੇ ਪਰ ਕਿਸੇ ਨੂੰ ਵੀ ਸਾਡੀ 'ਭਾਰਤ ਮਾਤਾ' 'ਤੇ ਵੀ ਬੇਲੋੜੀਆਂ ਸ਼ਰਤਾਂ ਨਹੀਂ ਥੋਪਣੀਆਂ ਚਾਹੀਦੀਆਂ। ਉਨ੍ਹਾਂ ਕਿਹਾ ਕਿ ਇਕ ਵਿਕਸਤ ਭਾਰਤ ਆਪਣੀ ਆਜ਼ਾਦੀ ਦੀ ਸ਼ਤਾਬਦੀ ਆਤਮ-ਵਿਸ਼ਵਾਸ, ਸਮਰੱਥਾ ਅਤੇ ਆਲਮੀ ਅਗਵਾਈ ਦੇ ਨਾਲ ਮਨਾਉਣਾ ਚਾਹੁੰਦਾ ਹੈ। ਉਪ ਰਾਸ਼ਟਰਪਤੀ ਰਾਧਾਕ੍ਰਿਸ਼ਨਨ ਨੇ ਕਿਹਾ ਕਿ ਦੂਜਿਆਂ ਦੀ ਮਦਦ ਕਰਨਾ ਸਾਡੇ ਸੱਭਿਆਚਾਰ ਦਾ ਇਕ ਬਹੁਤ ਹੀ ਅਹਿਮ ਹਿੱਸਾ ਹੈ। ਸਾਰਿਆਂ ਨੂੰ ਨਾਲ ਲੈ ਕੇ ਚੱਲਣਾ ਵੀ ਸਾਡੇ ਸੱਭਿਆਚਾਰ ਦਾ ਮੂਲ ਤੱਤ ਹੈ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਸ ਰਾਸ਼ਟਰੀ ਇੱਛਾ (ਟੀਚੇ) ਨੂੰ ਹਾਸਲ ਕਰਨ ਵਿਚ ਵਿਦਿਅਕ ਅਦਾਰਿਆਂ ਦੀ ਪਰਿਵਰਤਨਸ਼ੀਲ ਭੂਮਿਕਾ 'ਤੇ ਵਾਰ-ਵਾਰ ਜ਼ੋਰ ਦਿੱਤਾ ਹੈ। ਉਪ ਰਾਸ਼ਟਰਪਤੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਦੇ ਯਤਨਾਂ ਸਦਕਾ ਪਿਛਲੇ 12 ਸਾਲਾਂ ਵਿਚ ਉੱਚ ਸਿੱਖਿਆ ਦੇ ਖੇਤਰ ਵਿਚ ਜ਼ਬਰਦਸਤ ਵਿਸਥਾਰ ਹੋਇਆ ਹੈ। ਰਾਧਾਕ੍ਰਿਸ਼ਨਨ ਨੇ ਦੱਸਿਆ ਕਿ 2014 ਵਿਚ ਯੂਨੀਵਰਸਿਟੀਆਂ ਦੀ ਗਿਣਤੀ



ਇੰਡੀਗੋ ਦੇ ਜਹਾਜ਼ ਹੇਠਾਂ ਦਿਖੀਆਂ ਚੰਗਿਆੜੀਆਂ, ਟਾਇਰ ਫਟਿਆ !

ਮੰਗਲੁਰੂ 20 ਨਵੰਬਰ। ਮੰਗਲੁਰੂ ਤੋਂ ਬੈਂਗਲੁਰੂ ਰਵਾਨਾ ਹੋਣ ਜਾ ਰਹੇ ਇੰਡੀਗੋ ਦੇ ਇਕ ਜਹਾਜ਼ ਵਿਚ ਤਕਨੀਕੀ ਖਰਾਬੀ ਨਜ਼ਰ ਆਉਣ ਤੋਂ ਬਾਅਦ ਇਹ ਉਡਾਣ ਰੋਕ ਦਿੱਤੀ ਗਈ ਅਤੇ ਜਹਾਜ਼ ਵਾਪਸ ਆਪਣੇ 'ਬੇ' ਵਿਚ ਆ ਗਿਆ। ਇੰਡੀਗੋ ਦੇ ਇਕ ਅਧਿਕਾਰੀ ਨੇ ਦੱਸਿਆ ਕਿ ਜਹਾਜ਼ ਵਿਚ ਸਵਾਰ ਸਾਰੇ 229 ਯਾਤਰੀਆਂ ਅਤੇ ਅਮਲੇ ਦੇ 7 ਮੈਂਬਰਾਂ ਨੂੰ ਸੁਰੱਖਿਅਤ ਉਤਾਰ ਲਿਆ ਗਿਆ। ਇੰਡੀਗੋ ਦੇ ਇਕ ਬੁਲਾਰੇ ਮੁਤਾਬਕ, ਫਲਾਈਟ ਨੰਬਰ 6ਈ 388 ਦੇ ਉਡਾਣ ਭਰਨ ਤੋਂ ਪਹਿਲਾਂ ਹੀ ਉਸ ਵਿਚ ਇਕ ਤਕਨੀਕੀ ਗੜਬੜੀ ਦਾ ਪਤਾ ਲਗਾ ਲਿਆ ਗਿਆ। ਹਵਾਈ ਅੱਡੇ ਦੇ ਸੂਤਰਾਂ ਮੁਤਾਬਕ, ਇਹ ਘਟਨਾ ਮੰਗਲੁਰੂ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਸ਼ਾਮ ਕਰੀਬ 6:05 ਵਜੇ ਵਾਪਰੀ। ਉਸ ਸਮੇਂ ਜਹਾਜ਼ ਨੇ ਉਡਾਣ ਨਹੀਂ ਭਰੀ ਸੀ। ਕੁਝ ਸਥਾਨਕ ਰਿਪੋਰਟਾਂ ਮੁਤਾਬਕ, ਉਡਾਣ ਭਰਨ ਦੌਰਾਨ ਜਹਾਜ਼ ਦੇ ਹੇਠਾਂ ਚੰਗਿਆੜੀਆਂ ਦੇਖੀਆਂ ਗਈਆਂ ਅਤੇ ਇਕ ਟਾਇਰ ਫਟ ਗਿਆ ਜਿਸ ਕਾਰਨ ਪਾਇਲਟ ਨੇ ਬ੍ਰੇਕ ਲਗਾ ਕੇ ਜਹਾਜ਼ ਨੂੰ ਰਨਵੇਅ 'ਤੇ ਹੀ ਰੋਕ ਦਿੱਤਾ। ਹਵਾਬਾਜ਼ੀ ਕੰਪਨੀ ਨੇ ਇਸ ਨੂੰ ਤਕਨੀਕੀ ਮੁੱਦਾ ਹੀ ਦੱਸਦਿਆਂ ਕਿਹਾ ਹੈ ਕਿ ਇਸ ਦੀ ਜਾਂਚ ਕੀਤੀ ਜਾ ਰਹੀ ਹੈ।

ਦਿੱਲੀ ਗੁਰਦੁਆਰਾ ਕਮੇਟੀ ਵੱਲੋਂ ਉੱਪ ਰਾਜਪਾਲ ਨੂੰ ਬੇਅਦਬੀ ਦੇ ਦੋਸ਼ੀ ਖ਼ਿਲਾਫ ਸਖ਼ਤ ਕਾਰਵਾਈ ਦੇ ਹੁਕਮ ਦੇਣ ਦੀ ਅਪੀਲ

ਕੌਮੀ ਪਤ੍ਰਿਕਾ
ਨਵਦੀਪ ਸਿੰਘ ਸਾਹਨੀ

ਅੰਮ੍ਰਿਤਸਰ 20 ਨਵੰਬਰ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਅਤੇ ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ ਨੇ ਦਿੱਲੀ ਦੇ ਉੱਪ ਰਾਜਪਾਲ ਤਰਨਜੀਤ ਸਿੰਘ ਸੰਧੂ ਨੂੰ ਅਪੀਲ ਕੀਤੀ ਹੈ ਕਿ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਾਹਿਬਪੁਰਾ ਵਿਚ ਵਾਪਰੀ ਬੇਅਦਬੀ ਦੀ ਘਟਨਾ ਦੇ ਦੋਸ਼ੀ ਖ਼?ਲਾਫ਼ ਸਖ਼ਤ ਤੋਂ ਸਖ਼ਤ ਕਾਰਵਾਈ ਲਈ ਉਹ ਪੁਲਸ ਵਿਭਾਗ ਨੂੰ ਲੋੜੀਂਦੀਆਂ ਹਦਾਇਤਾਂ ਜਾਰੀ ਕਰਨ। ਉਨ੍ਹਾਂ ਨਾਲ ਹੀ ਇਹ ਵੀ ਮੰਗ ਕੀਤੀ ਕਿ ਘਟਨਾ 'ਤੇ ਪਰਦਾ ਪਾਉਣ ਦੇ ਯਤਨ ਕਰਨ ਵਾਲੇ ਪ੍ਰਬੰਧਕਾਂ ਦੇ ਖ਼?ਲਾਫ਼ ਵੀ ਕਾਰਵਾਈ ਕੀਤੀ ਜਾਵੇ। ਪ੍ਰਧਾਨ ਕਾਲਕਾ ਅਤੇ ਜਨਰਲ ਸਕੱਤਰ ਕਾਹਲੋਂ ਨੇ ਉੱਪ ਰਾਜਪਾਲ ਨੂੰ ਅਪੀਲ ਕੀਤੀ ਕਿ ਇਹ ਬੇਹੱਦ ਸੰਵੇਦਨਸ਼ੀਲ ਮਾਮਲਾ ਹੈ। ਖ਼ੁਦ ਇਕ ਸਿੱਖ ਹੋਣ ਦੇ ਨਾਅਤੇ ਉੱਪ ਰਾਜਪਾਲ ਮਹਿਸੂਸ ਕਰ ਸਕਦੇ ਹਨ ਕਿ ਅਜਿਹੀ ਘਟਨਾ ਨਾਲ ਸਾਰੀ ਦੁਨੀਆਂ ਵਿਚ ਬੈਠੇ ਸਿੱਖਾਂ ਦੇ ਹਿਰਦੇ ਵਲ੍ਹੂੰਧਰੇ ਗਏ ਹਨ। ਉਨ੍ਹਾਂ ਕਿਹਾ ਕਿ ਪੁਲਸ ਨੂੰ ਦੋਸ਼ੀ ਦੇ ਖ਼?ਲਾਫ਼ ਸਖ਼ਤ ਤੋਂ ਸਖ਼ਤ ਧਾਰਾਵਾਂ ਲਗਾਉਣੀਆਂ ਚਾਹੀਦੀਆਂ ਹਨ ਤਾਂ ਜੋ ਮੰਦਬੁੱਧੀ ਦਾ ਬਹਾਨਾ ਬਣਾ ਕੇ ਛੁੱਟ ਨਾ ਸਕੇ। ਉਨ੍ਹਾਂ ਕਿਹਾ ਕਿ ਅਜਿਹੀਆਂ ਘਟਨਾਵਾਂ ਉਦੋਂ ਹੀ ਵਾਪਰਨੀਆਂ ਸ਼ੁਰੂ ਹੁੰਦੀਆਂ ਹਨ ਜਦੋਂ ਚੋਣਾਂ ਨੇੜੇ ਹੋਣ ਤੇ ਪੰਜਾਬ ਚੋਣਾਂ ਸਿਰ 'ਤੇ ਹਨ। ਉਨ੍ਹਾਂ ਕਿਹਾ ਕਿ ਕੁਝ ਲੋਕ ਇਹ ਮਹਿਸੂਸ ਕਰਦੇ ਹਨ ਕਿ 2015 ਵਿਚ ਵਾਪਰੀਆਂ ਬੇਅਦਬੀ ਦੀਆਂ ਘਟਨਾਵਾਂ ਵਿਚ ਕੋਈ ਕਾਰਵਾਈ ਨਹੀਂ ਹੋਈ ਤਾਂ ਹੁਣ ਵੀ ਨਹੀਂ ਹੋਵੇਗੀ ਪਰ ਉਹ ਭੁਲੇਖੇ ਵਿਚ ਹਨ ਕਿਉਂਕਿ ਇਹ ਦਿੱਲੀ ਹੈ। ਉਨ੍ਹਾਂ ਕਿਹਾ ਕਿ ਅਸੀਂ ਪੂਰੀ ਜ਼ਿੰਮੇਵਾਰੀ ਨਾਲ ਮਾਮਲੇ ਦੀ ਪੈਰਵੀ ਕਰ ਰਹੇ ਹਾਂ ਅਤੇ ਯਕੀਨੀ ਬਣਾਵਾਂਗੇ ਕਿ ਦੋਸ਼ੀ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਮਿਲੇ। ਉਨ੍ਹਾਂ ਇਹ ਵੀ ਕਿਹਾ ਕਿ ਇਸ ਘਟਨਾ ਨੂੰ ਲੁਕੋ ਕੇ ਰੱਖਣ ਲਈ ਪ੍ਰਬੰਧਕਾਂ ਖ਼?ਲਾਫ਼ ਵੀ ਕਾਰਵਾਈ ਹੋਣੀ ਚਾਹੀਦੀ ਹੈ। ਉਨ੍ਹਾਂ ਨੇ ਗੁਰੂ ਕੀ ਲਾਡਲੀ ਫੌਜ ਨਿਹੰਗ ਸਿੰਘਾਂ ਵੱਲੋਂ ਕੱਲ੍ਹ ਵਿਖਾਈ ਭਾਵੁਕਤਾ ਦੀ ਵੀ ਸ਼ਲਾਘਾ ਕੀਤੀ ਪਰ ਨਾਲ ਹੀ ਕਿਹਾ ਕਿ ਸਾਨੂੰ ਇਸ ਗੱਲ ਦਾ ਵੀ ਖਿਆਲ ਰੱਖਣਾ ਹੋਵੇ ਕਿ ਕਾਨੂੰਨ ਵਿਵਸਥਾ ਬਣੀ ਰਹੇ। ਉਨ੍ਹਾਂ ਨੇ ਸਮੁੱਚੀ ਦਿੱਲੀ ਦੇ ਗੁਰੂ ਘਰਾਂ ਦੇ ਪ੍ਰਬੰਧਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਪ੍ਰਬੰਧਾਂ ਅਧੀਨ ਗੁਰੂ ਘਰਾਂ ਵਿਚ ਸੀ. ਸੀ. ਟੀ. ਵੀ. ਕੈਮਰੇ ਲੱਗਣੇ ਯਕੀਨੀ ਬਣਾਉਣ ਤੇ ਚੌਕਸੀ ਰੱਖਣ ਤਾਂ ਜੋ ਅਜਿਹੀਆਂ ਮੰਦਭਾਗੀਆਂ ਘਟਨਾਵਾਂ ਵਾਪਰਨ ਤੋਂ ਰੋਕੀਆਂ ਜਾ ਸਕਣ।



ਗਲੋਬਲ ਵਿਕਾਸ ਦਾ ਕੇਂਦਰ ਬਣ ਉੱਭਰ ਰਿਹਾ ਭਾਰਤ !

ਇੰਟਰਨੈਸ਼ਨਲ ਡੈਸਕ 20 ਨਵੰਬਰ। ਭਾਰਤ ਹੁਣ ਸਿਰਫ਼ ਇੱਕ ਘਰੇਲੂ ਬਾਜ਼ਾਰ ਜਾਂ ਸਸਤੇ ਆਊਟਸੋਰਸਿੰਗ ਕੇਂਦਰ ਵਜੋਂ ਨਹੀਂ, ਸਗੋਂ ਗਲੋਬਲ ਪੱਧਰ 'ਤੇ ਟੈਕਨਾਲੋਜੀ, ਇਨੋਵੇਸ਼ਨ ਅਤੇ ਆਰਥਿਕ ਵਿਕਾਸ ਦੇ ਮੁੱਖ ਪਲੇਟਫਾਰਮ ਵਜੋਂ ਉੱਭਰਿਆ ਹੈ। ਅੰਤਰਰਾਸ਼ਟਰੀ ਕੰਪਨੀ SAP ਨੇ ਖੁਲਾਸਾ ਕੀਤਾ ਹੈ ਕਿ ਅੱਜ ਕੰਪਨੀ ਦੇ 80 ਫ਼ੀਸਦੀ ਤੋਂ ਵੱਧ 19 ਏਜੰਟ ਭਾਰਤ 'ਚ ਹੀ ਤਿਆਰ ਕੀਤੇ ਜਾ ਰਹੇ ਹਨ। ਲਗਭਗ 6.5 ਫ਼ੀਸਦੀ ਤੋਂ 7 ਫ਼ੀਸਦੀ ਦੀ ਸਾਲਾਨਾ ਵਿਕਾਸ ਦਰ ਅਤੇ ਮੌਜੂਦਾ 4.15 ਟ੍ਰਿਲੀਅਨ ਡਾਲਰ ਦੀ GDP ਨਾਲ ਭਾਰਤ ਜਲਦ ਹੀ ਜਾਪਾਨ ਅਤੇ ਜਰਮਨੀ ਨੂੰ ਪਛਾੜ ਕੇ ਦੁਨੀਆ ਦੀ ਤੀਜੀ ਸਭ ਤੋਂ ਵੱਡੀ 5 ਟ੍ਰਿਲੀਅਨ ਡਾਲਰ ਵਾਲੀ ਅਰਥਵਿਵਸਥਾ ਬਣਨ ਜਾ ਰਿਹਾ ਹੈ, ਜੋ ਇਸ ਦਹਾਕੇ ਦੇ ਅੰਤ ਤੱਕ 6-7 ਟ੍ਰਿਲੀਅਨ ਡਾਲਰ ਤੱਕ ਪਹੁੰਚ ਸਕਦੀ ਹੈ। ਦੁਨੀਆ ਦੇ ਅੱਧੇ ਤੋਂ ਜ਼ਿਆਦਾ ਗਲੋਬਲ ਕੈਪੇਬਿਲਿਟੀ ਸੈਂਟਰ ਭਾਰਤ ਵਿੱਚ ਸਥਿਤ ਹਨ, ਜੋ 21 ਲੱਖ ਪੇਸ਼ੇਵਰਾਂ ਨੂੰ ਰੁਜ਼ਗਾਰ ਦਿੰਦੇ ਹਨ ਅਤੇ ਇਸ ਸਾਲ ਲਗਭਗ 100 ਬਿਲੀਅਨ ਡਾਲਰ ਦਾ ਨਿਰਯਾਤ ਮਾਲੀਆ ਪੈਦਾ ਕਰਨਗੇ।

ਉਦੈਪੁਰ 'ਚ ਆਟੋ ਡਰਾਈਵਰ ਨੇ ਵਿਦੇਸ਼ੀ ਮਹਿਲਾ ਯੂਟਿਊਬਰ ਨਾਲ ਕੀਤੀ ਸ਼ਰਮਨਾਕ ਕਰਤੂਤ ! ਹੋਇਆ ਗ੍ਰਿ਼ਫਤਾਰ

ਉਦੈਪੁਰ 20 ਨਵੰਬਰ। ਰਾਜਸਥਾਨ ਦੇ ਉਦੈਪੁਰ 'ਚ ਇਕ ਆਟੋ ਰਿਕਸ਼ਾ ਡਰਾਈਵਰ ਨੂੰ ਗ੍ਰਿ਼ਫਤਾਰ ਕੀਤਾ ਗਿਆ ਹੈ। ਪੁਲਸ ਨੇ ਮੰਗਲਵਾਰ ਨੂੰ ਦੱਸਿਆ ਕਿ ਦੋਸ਼ੀ ਨੇ ਇਕ ਥਾਈ ਮਹਿਲਾ ਯੂਟਿਊਬਰ ਨਾਲ ਅਸ਼ਲੀਲ ਟਿੱਪਣੀ ਕੀਤੀ ਅਤੇ ਗਲਤ ਰਵੱਈਆ ਕੀਤਾ। ਔਰਤ ਉਸ ਸਮੇਂ ਇਕ ਸੱਭਿਆਚਾਰਕ ਪ੍ਰੋਗਰਾਮ ਦੀ ਲਾਈਵ-ਸਟ?ਰੀਮਿੰਗ ਕਰ ਰਹੀ ਸੀ। ਇਹ ਘਟਨਾ 13 ਨਵੰਬਰ ਦੀ ਹੈ, ਜਦੋਂ ਔਰਤ ਸ਼ਹਿਰ ਦੇ ਟਾਊਨ ਹਾਲ 'ਚ ਲੱਗੇ ਇਕ ਮੇਲੇ 'ਚ ਗਈ ਸੀ ਅਤੇ ਆਪਣੇ ਫੋਨ 'ਤੇ ਸੱਭਿਆਚਾਰਕ ਪ੍ਰੋਗਰਾਮ ਦੀ ਰਿਕਾਰਡਿੰਗ ਕਰ ਰਹੀ ਸੀ। ਉਸ ਨੇ ਜੋ ਆਟੋ-ਰਿਕਸ਼ਾ ਕਿਰਾਏ 'ਤੇ ਲਿਆ ਸੀ, ਉਸ ਦੇ ਡਰਾਈਵਰ ਨੇ ਲਾਈਵ-ਸਟ?ਰੀਮਿੰਗ ਵਿਚਾਲੇ ਦਖ਼ਲ ਦਿੱਤਾ ਅਤੇ ਅਸ਼ਲੀਲ ਟਿੱਪਣੀਆਂ ਕੀਤੀਆਂ। ਇਹ ਮਾਮਲਾ ਉਦੋਂ ਸਾਹਮਣੇ ਆਇਆ ਜਦੋਂ ਔਰਤ ਨੇ 14 ਨਵੰਬਰ ਨੂੰ ਆਪਣੇ ਇੰਸਟਾਗ੍ਰਾਮ ਪੇਜ਼ 'ਤੇ ਇਸ ਘਟਨਾ ਦਾ ਇਕ ਵੀਡੀਓ ਅਪਲੋਡ ਕੀਤਾ। ਸੂਰਜਪੋਲ ਪੁਲਸ ਨੇ ਵੀਡੀਓ ਦਾ ਨੋਟਿਸ ਲਿਆ ਅਤੇ ਸੋਮਵਾਰ ਨੂੰ ਦੋਸ਼ੀ ਨੂੰ ਗ੍ਰਿ਼ਫਤਾਰ ਕਰ ਲਿਆ। ਪੁਲਸ ਨੇ ਅਨੁਸਾਰ, ਦੋਸ਼ੀ ਦੀ ਪਛਾਣ ਸੈਕਟਰ-11, ਮਹਾਰਾਜ ਦਾ ਅਖਾੜਾ ਦੇ ਰਹਿਣ ਵਾਲੇ ਆਫਤਾਬ ਉਰਫ਼ ਗਬਰੂ ਵਜੋਂ ਹੋਈ ਹੈ। ਐੱਸਐੱਚਓ ਕਮਲੇਂਦਰ ਸਿੰਘ ਨੇ ਦੱਸਿਆ ਕਿ ਔਰਤ ਨੇ ਉਦੈਪੁਰ 'ਚ ਸੈਰ-ਸਪਾਟਾ ਥਾਵਾਂ 'ਤੇ ਘੁੰਮਣ ਲਈ ਇਸ ਆਟੋ-ਰਿਕਸ਼ਾ ਡਰਾਈਵਰ ਨੂੰ ਕਿਰਾਏ 'ਤੇ ਲਿਆ ਸੀ। ਦੱਸਿਆ ਜਾ ਰਿਹਾ ਹੈ ਕਿ ਉਹ 2 ਦਿਨਾਂ ਤੱਕ ਉਸ ਨੂੰ ਵੱਖ-ਵੱਖ ਥਾਵਾਂ 'ਤੇ ਲੈ ਗਿਆ ਸੀ। ਪੁਲਸ ਨੇ ਅਸ਼ਲੀਲਤਾ ਫੈਲਾਉਣ ਦੇ

ਬਠਿੰਡਾ ਨਗਰ ਨਿਗਮ ਕੋਲ 3950 ਲਾਇਸੈਂਸ ਪਲੇਟਾਂ ਦਾ ਹਿਸਾਬ, ਪਰ ਰੇਹੜੀਆਂ ਦਾ ਪੂਰਾ ਰਿਕਾਰਡ ਗਾਇਬ !

ਕੌਮੀ ਪੜ੍ਹਿਕਾ


ਬਠਿੰਡਾ 20 ਨਵੰਬਰ। ਬਠਿੰਡਾ ਸ਼ਹਿਰ ਦੀਆਂ ਸੜਕਾਂ ਅਤੇ ਬਾਜ਼ਾਰਾਂ ਵਿੱਚ ਵਧ ਰਹੀਆਂ ਰੇਹੜੀਆਂ, ਕਥਿਤ ਨਾਜਾਇਜ਼ ਕਬਜ਼ਿਆਂ ਅਤੇ ਟ?ਰੈਫਿਕ ਜਾਮ ਦੀ ਸਮੱਸਿਆ ਵਿਚਕਾਰ ਨਗਰ ਨਿਗਮ ਦੀ ਕਾਰਗੁਜ਼ਾਰੀ 'ਤੇ ਗੰਭੀਰ ਸਵਾਲ ਖੜ੍ਹੇ ਹੋ ਗਏ ਹਨ। ਹੈਰਾਨੀ ਦੀ ਗੱਲ ਇਹ ਹੈ ਕਿ ਨਗਰ ਨਿਗਮ ਨੇ ਸਾਲ 2018-19 ਤੋਂ 2025-26 ਤੱਕ ਕੁੱਲ 3950 ਲਾਇਸੈਂਸ ਪਲੇਟਾਂ ਜਾਰੀ ਕਰਨ ਅਤੇ ਇਨ੍ਹਾਂ ਤੋਂ 3.01 ਲੱਖ ਰੁਪਏ ਦੀ ਆਮਦਨ ਹੋਣ ਦੀ ਜਾਣਕਾਰੀ ਦਿੱਤੀ ਹੈ ਪਰ ਸ਼ਹਿਰ ਵਿੱਚ ਚੱਲ ਰਹੀਆਂ ਹੱਥ-ਰੇਹੜੀਆਂ ਸਬੰਧੀ ਮੰਗਿਆ ਗਿਆ ਅਹਿਮ ਰਿਕਾਰਡ ਲਾਇਸੈਂਸ ਸ਼ਾਖਾ ਕੋਲ ਉਪਲਬਧ ਨਾ ਹੋਣ ਦੀ ਗੱਲ ਵੀ ਸਾਹਮਣੇ ਆਈ ਹੈ। ਇਸ ਤੋਂ ਇਲਾਵਾ, ਦੋ ਵਿੱਤੀ ਸਾਲਾਂ 2023-24 ਅਤੇ 2024-25 ਦੇ ਅੰਕੜੇ ਵੀ ਦਿੱਤੇ ਗਏ ਵੇਰਵੇ ਵਿੱਚ ਸ਼ਾਮਲ ਨਹੀਂ ਹਨ। ਇਸ ਸਥਿਤੀ ਨੇ ਨਗਰ ਨਿਗਮ ਦੇ ਰਿਕਾਰਡ ਦੀ ਪੂਰਨਤਾ ਅਤੇ ਸ਼ਹਿਰ ਵਿੱਚ ਸਰਗਰਮ ਰੇਹੜੀਆਂ ਦੀ ਅਸਲ ਗਿਣਤੀ ਬਾਰੇ ਸਵਾਲ ਖੜ੍ਹੇ ਕਰ ਦਿੱਤੇ ਹਨ। ਜਦੋਂ ਰੇਹੜੀਆਂ ਦੀ ਸਹੀ ਗਿਣਤੀ, ਲਾਇਸੈਂਸਧਾਰਕਾਂ ਦਾ ਪੂਰਾ ਵੇਰਵਾ ਅਤੇ ਮੌਜੂਦਾ ਸਥਿਤੀ ਹੀ ਸਪੱਸ਼ਟ ਨਹੀਂ, ਤਾਂ ਸੜਕਾਂ 'ਤੇ ਕਬਜ਼ਿਆਂ ਨੂੰ ਰੋਕਣ ਅਤੇ ਰੇਹੜੀ-ਫੜ੍ਹੀ ਵਾਲਿਆਂ ਲਈ ਸੁਚਾਰੂ ਪ੍ਰਬੰਧ ਕਰਨ ਦੀ ਯੋਜਨਾ ਕਿਵੇਂ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਹੋਵੇਗੀ? ਬਠਿੰਡਾ ਵਾਸੀ ਅਮਿਤ ਗੁਪਤਾ ਨੇ 20 ਜੁਲਾਈ 2023 ਨੂੰ ਸੂਚਨਾ ਦੇ ਅਧਿਕਾਰ



ਕਾਨੂੰਨ ਤਹਿਤ ਸ਼ਹਿਰ ਵਿੱਚ ਚੱਲ ਰਹੀਆਂ ਹੱਥ-ਰੇਹੜੀਆਂ ਸਬੰਧੀ ਨਿਯਮਾਂ, ਸ਼ਰਤਾਂ ਅਤੇ ਉਪਲਬਧ ਰਿਕਾਰਡ ਬਾਰੇ ਜਾਣਕਾਰੀ ਮੰਗੀ ਸੀ। ਨਿਰਧਾਰਤ ਸਮੇਂ ਅੰਦਰ ਜਵਾਬ ਨਾ ਮਿਲਣ ਕਾਰਨ ਉਨ੍ਹਾਂ ਨੇ ਪਹਿਲੀ ਅਪੀਲ ਦਾਇਰ ਕੀਤੀ ਅਤੇ ਬਾਅਦ ਵਿੱਚ ਪੰਜਾਬ ਰਾਜ ਸੂਚਨਾ ਕਮਿਸ਼ਨ ਦਾ ਦਰਵਾਜ਼ਾ ਖੜਕਾਇਆ। 6 ਅਗਸਤ 2026 ਨੂੰ ਹੋਈ ਸੁਣਵਾਈ ਦੌਰਾਨ ਨਗਰ ਨਿਗਮ ਵੱਲੋਂ ਕਮਿਸ਼ਨ ਨੂੰ ਦੱਸਿਆ ਗਿਆ ਕਿ ਮੰਗਿਆ ਗਿਆ ਰਿਕਾਰਡ ਲਾਇਸੈਂਸ ਸ਼ਾਖਾ ਕੋਲ ਉਪਲਬਧ ਨਹੀਂ ਹੈ। ਇਸ ਖੁਲਾਸੇ ਨੇ ਰੇਹੜੀਆਂ ਦੇ ਪ੍ਰਬੰਧਨ ਅਤੇ ਰਿਕਾਰਡ ਰੱਖਣ ਦੀ ਪ੍ਰਣਾਲੀ 'ਤੇ ਸਵਾਲ ਖੜ੍ਹੇ ਕਰ ਦਿੱਤੇ ਹਨ। ਉਪਲਬਧ ਅੰਕੜਿਆਂ ਦਾ ਕੁੱਲ ਜੋੜ 3950 ਬਣਦਾ ਹੈ। ਨਗਰ ਨਿਗਮ ਤੋਂ ਪ੍ਰਾਪਤ ਜਾਣਕਾਰੀ ਮੁਤਾਬਕ ਇਨ੍ਹਾਂ ਲਾਇਸੈਂਸ ਪਲੇਟਾਂ ਤੋਂ 3.01 ਲੱਖ ਰੁਪਏ ਦੀ ਆਮਦਨ ਹੋਈ। ਹਾਲਾਂਕਿ, ਲਾਇਸੈਂਸ ਪਲੇਟਾਂ ਜਾਰੀ ਹੋਣ ਦੀ ਗਿਣਤੀ ਨੂੰ ਸ਼ਹਿਰ ਵਿੱਚ ਇਸ ਸਮੇਂ ਮੌਜੂਦ ਜਾਂ ਸਰਗਰਮ ਰੇਹੜੀਆਂ ਦੀ ਕੁੱਲ ਗਿਣਤੀ ਨਹੀਂ ਮੰਨਿਆ ਜਾ ਸਕਦਾ। ਸੰਜੀਵ ਗੋਇਲ ਅਨੁਸਾਰ, ਸ਼ਹਿਰ ਵਿੱਚ ਮੌਜੂਦਾ ਸਮੇਂ ਸਰਗਰਮ ਰੇਹੜੀਆਂ ਦੀ ਸਹੀ ਗਿਣਤੀ ਪਤਾ ਕਰਨ ਲਈ ਕੋਈ ਤਾਜ਼ਾ ਸਰਵੇਖਣ ਨਹੀਂ ਕਰਵਾਇਆ ਗਿਆ। ਉਨ੍ਹਾਂ ਨੇ ਬਠਿੰਡਾ ਵਿੱਚ ਲਗਭਗ 10,000 ਰੇਹੜੀਆਂ ਹੋਣ ਦਾ ਅਨੁਮਾਨ ਪ੍ਰਗਟਾਇਆ ਹੈ। ਇਹ ਅੰਕੜਾ ਅਨੁਮਾਨ ਹੈ, ਅਧਿਕਾਰਤ ਤੌਰ 'ਤੇ ਤਸਦੀਕ ਕੀਤੀ ਗਿਣਤੀ ਨਹੀਂ। ਇਸੇ ਦੌਰਾਨ ਕੋਰਟ ਰੋਡ, ਸਬਜ਼ੀ ਮੰਡੀ, ਮਾਲ ਰੋਡ, ਸਦਰ ਬਾਜ਼ਾਰ, ਸਿਰਕੀ ਬਾਜ਼ਾਰ, ਕਿੱਕਰ ਬਾਜ਼ਾਰ, ਜੀਟੀ ਰੋਡ ਅਤੇ ਸਿਵਲ ਹਸਪਤਾਲ ਦੇ ਆਲੇ-ਦੁਆਲੇ ਰੇਹੜੀਆਂ ਕਾਰਨ ਆਵਾਜਾਈ ਪ੍ਰਭਾਵਿਤ ਹੋਣ ਦੀਆਂ ਸ਼ਿਕਾਇਤਾਂ ਸਾਹਮਣੇ ਆਉਂਦੀਆਂ ਰਹਿੰਦੀਆਂ ਹਨ। ਪਿਛਲੇ ਹਫ਼ਤੇ ਕਿੱਕਰ ਬਾਜ਼ਾਰ ਦੇ ਦੁਕਾਨਦਾਰਾਂ ਨੇ ਕਥਿਤ ਨਾਜਾਇਜ਼ ਕਬਜ਼ਿਆਂ ਦੇ ਵਿਰੋਧ ਵਿੱਚ ਧਰਨਾ ਵੀ ਦਿੱਤਾ ਸੀ। ਦੁਕਾਨਦਾਰਾਂ ਦਾ ਦੋਸ਼ ਹੈ ਕਿ ਬੇਤਰਤੀਬੇ ਢੰਗ ਨਾਲ ਲੱਗੀਆਂ ਰੇਹੜੀਆਂ ਕਾਰਨ ਗਾਹਕਾਂ ਦੀ ਆਵਾਜਾਈ ਅਤੇ ਵਾਹਨਾਂ ਦੀ ਆਵਾਜਾਈ ਪ੍ਰਭਾਵਿਤ ਹੁੰਦੀ ਹੈ। ਸੰਜੀਵ ਗੋਇਲ ਨੇ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਸ਼ਹਿਰ ਵਿੱਚ ਚੱਲ ਰਹੀਆਂ ਰੇਹੜੀਆਂ ਦੀ ਤੁਰੰਤ ਤਸਦੀਕ ਕਰਵਾਈ ਜਾਵੇ, ਲਾਇਸੈਂਸਧਾਰਕਾਂ ਦਾ ਪੂਰਾ ਰਿਕਾਰਡ ਤਿਆਰ ਕੀਤਾ ਜਾਵੇ ਅਤੇ ਪੁਰਾਣੇ ਅੰਕੜਿਆਂ ਨੂੰ ਅਪਡੇਟ ਕੀਤਾ ਜਾਵੇ। ਇਸ ਦੇ ਨਾਲ ਹੀ ਰੇਹੜੀ-ਫੜ੍ਹੀ ਵਾਲਿਆਂ ਲਈ ਨਿਰਧਾਰਤ ਵੈਂਡਿੰਗ ਜ਼ੋਨ ਬਣਾਏ ਜਾਣ, ਤਾਂ ਜੋ ਉਨ੍ਹਾਂ ਦੀ ਰੋਜ਼ੀ-ਰੋਟੀ ਵੀ ਪ੍ਰਭਾਵਿਤ ਨਾ ਹੋਵੇ ਅਤੇ ਬਾਜ਼ਾਰਾਂ ਵਿੱਚ ਆਵਾਜਾਈ ਵੀ ਸੁਚਾਰੂ ਰਹੇ। ਹੁਣ ਸਭ ਤੋਂ ਵੱਡਾ ਸਵਾਲ ਇਹ ਹੈ ਕਿ ਜਦੋਂ ਨਗਰ ਨਿਗਮ ਕੋਲ ਜਾਰੀ ਕੀਤੀਆਂ ਲਾਇਸੈਂਸ ਪਲੇਟਾਂ ਦੇ ਅੰਕੜੇ ਤਾਂ ਹਨ, ਪਰ ਰੇਹੜੀਆਂ ਦਾ ਪੂਰਾ ਅਤੇ ਅਪਡੇਟ ਰਿਕਾਰਡ ਉਪਲਬਧ ਨਹੀਂ, ਤਾਂ ਸ਼ਹਿਰ ਵਿੱਚ ਰੇਹੜੀਆਂ ਦੇ ਪ੍ਰਬੰਧਨ ਲਈ ਅਸਲ ਆਧਾਰ ਕੀ ਹੈ? ਸ਼ਹਿਰ ਵਾਸੀਆਂ ਨੂੰ ਉਮੀਦ ਹੈ ਕਿ ਨਗਰ ਨਿਗਮ ਇਸ ਮਾਮਲੇ ਵਿੱਚ ਸਥਿਤੀ ਸਪੱਸ਼ਟ ਕਰੇਗਾ ਅਤੇ ਰਿਕਾਰਡ ਨੂੰ ਪਾਰਦਰਸ਼ੀ ਬਣਾਉਣ ਦੇ ਨਾਲ-ਨਾਲ ਟ?ਰੈਫਿਕ ਦੀ ਸਮੱਸਿਆ ਦੇ ਹੱਲ ਲਈ ਠੋਸ ਕਦਮ ਚੁੱਕੇਗਾ।

ਡਕਾਲਾ ਦੇ ਨੌਜਵਾਨ ਦੇ ਕਤਲ ਦੇ ਦੋਸ਼ 'ਚ ਅੱਧਾ ਦਰਜਨ ਵਿਅਕਤੀਆਂ ਖਿਲਾਫ ਕੇਸ ਦਰਜ

ਪਟਿਆਲਾ 20 ਨਵੰਬਰ। ਸ਼ਹਿਰ ਦੇ ਨਜ਼ਦੀਕੀ ਪਿੰਡ ਡਕਾਲਾ ਵਿਖੇ ਪੈਟਰੋਲ ਪੰਪ ਤੋਂ ਅਗਵਾ ਕੀਤੇ ਗਈ ਵਿਅਕਤੀ ਦੀ ਸੰਗਰੂਰ ਰੋਡ ਤੋਂ ਕਾਲਾ ਝਾੜ ਦੇ ਕੋਲ ਤੋਂ ਮਿਲੀ ਲਾਸ਼ ਤੋਂ ਬਾਅਦ ਥਾਣਾ ਪਸਿਆਣਾ ਦੀ ਪੁਲਸ ਨੇ ਇਸ ਮਾਮਲੇ ਵਿਚ ਮ੍ਰਿਤਕ ਨਵਾਬ ਖਾਨ ਦੀ ਮਾਤਾ ਭੋਲੀ ਪਤਨੀ ਦਰਸ਼ਨ ਖਾਨ ਵਾਸੀ ਗੋਪੀ ਪੱਤੀ ਡਕਾਲਾ ਥਾਣਾ ਪਸਿਆਣਾ ਦੀ ਸਿਕਾਇਤ 'ਤੇ ਗੁਰਸੇਵਕ ਸਿੰਘ ਪੁੱਤਰ ਸ਼ਤੀਸ਼ ਕੁਮਾਰ, ਜਗਜੀਤ ਸਿੰਘ ਪੁੱਤਰ ਬਲਵਿੰਦਰ ਸਿੰਘ ਵਾਸੀ ਪਿੰਡ ਚੁਰਾਸੋਂ ਥਾਣਾ ਸਦਰ ਪਟਿਆਲਾ ਅਤੇ 3-4 ਅਣਪਛਾਤੇ ਵਿਅਕਤੀਆਂ ਦੇ ਖਿਲਾਫ ਕੇਸ ਦਰਜ ਕੀਤਾ ਹੈ। ਇਸ ਮਾਮਲੇ ਵਿਚ ਭੋਲੀ ਨੇ ਪੁਲਸ ਨੂੰ ਦੱਸਿਆ ਕਿ ਉਹ ਦੁਪਹਿਰ 1:30 ਵਜੇ ਆਪਣੇ ਲੜਕੇ ਨਵਾਬ ਖਾਨ ਉਮਰ 27 ਸਾਲ ਸਮੇਤ ਮੋਟਰਸਾਇਕਲ 'ਤੇ ਸਵਾਰ ਹੋ ਕੇ ਅਨਾਜ ਮੰਡੀ ਡਕਾਲਾ ਵੱਲ ਜਾ ਰਹੀ ਸੀ ਤਾਂ ਉਸ ਦੇ ਲੜਕੇ ਨੇ ਤੇਲ ਪਵਾਉਣਾ ਸੀ ਤਾਂ ਉਸ ਨੇ ਸ਼ਿਕਾਇਤਕਰਤਾ ਨੂੰ ਉਤਾਰ ਕੇ ਆਪ ਤੇਲ ਪਵਾਉਣ ਲਈ ਪੈਟਰੋਲ ਪੰਪ 'ਤੇ ਚਲਾ ਗਿਆ, ਪੰਪ ਤੋਂ ਤੇਲ ਪਵਾ ਕੇ ਆ ਰਿਹਾ ਸੀ ਤਾਂ ਇਕ ਕਾਲੇ ਰੰਗ ਦੀ ਸਕਾਰਪੀਓ ਗੱਡੀ ਨੇ ਨਵਾਬ ਖਾਨ ਦੇ ਮੋਟਰਸਾਇਕਲ ਨੂੰ ਟੱਕਰ ਮਾਰ ਦੇ ਨਵਾਬ ਨੂੰ ਥੱਲੇ ਸੁੱਟ ਲਿਆ। ਜ਼ਬਰਦਸਤੀ ਗੱਡੀ ਵਿਚ ਸੁੱਟਣ ਲੱਗੇ ਤਾਂ ਗੱਡੀ ਵਿਚ ਬੈਠੇ 3-4 ਅਣਪਛਾਤੇ ਵਿਅਕਤੀਆਂ ਨੇ ਨਵਾਬ ਖਾਨ ਨੂੰ ਅੰਦਰ ਸੁੱਟ ਲਿਆ ਅਤੇ ਕੁੱਟਮਾਰ ਕਰਕੇ ਅਗਵਾ ਕਰਕੇ ਲੈ ਗਏ। ਇਨ੍ਹਾਂ ਵਿਅਕਤੀਆਂ ਨੇ ਉਸ ਦੇ ਲੜਕੇ



ਇਸ ਦੌਰਾਨ ਦੋ ਵਿਅਕਤੀਆਂ ਗੁਰਸੇਵਕ ਸਿੰਘ ਅਤੇ ਜਗਜੀਤ ਸਿੰਘ ਨੇ ਉਸ ਦੀ ਪਿੱਠ ਅਤੇ ਪਿਛੇ ਗਰਦਨ ਤੇ ਕਿਰਚਾਂ ਅਤੇ ਚਾਕੂ ਨਾਲ ਵਾਰ ਕੀਤੇ ਅਤੇ ਦਾ ਤੇਜ਼ਧਾਰ ਹਥਿਆਰਾਂ ਨਾਲ ਕਤਲ ਕਰਕੇ ਉਸ ਨੂੰ ਸੰਗਰੂਰ ਰੋਡ 'ਤੇ ਕਾਲਾ ਝਾੜ ਦੇ ਕੋਲ ਸੁੱਟ ਦਿੱਤਾ। ਪੁਲਸ ਨੇ ਇਸ ਮਾਮਲੇ ਵਿਚ ਉਕਤ ਵਿਅਕਤੀਆਂ ਖਿਲਾਫ 103(1), 140(1), 3(5) ਬੀ.ਐਨ.ਐਸ ਦੇ ਤਹਿਤ ਕੇਸ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਭਲਕੇ ਹੋਵੇਗਾ ਚੰਡੀਗੜ੍ਹ ਨਗਰ ਨਿਗਮ ਚੋਣਾਂ ਦਾ ਐਲਾਨ

ਚੰਡੀਗੜ੍ਹ 20 ਨਵੰਬਰ। ਚੰਡੀਗੜ੍ਹ ਨਗਰ ਨਿਗਮ ਚੋਣਾਂ ਨੂੰ ਲੈ ਕੇ ਵੱਡੀ ਖ਼ਬਰ ਸਾਹਮਣੇ ਆ ਰਹੀ ਹੈ। ਸ਼ਹਿਰ 'ਚ ਸ਼ੁੱਕਰਵਾਰ ਨੂੰ ਚੋਣਾਂ ਦਾ ਬਿਗੁਲ ਵੱਜ ਜਾਵੇਗਾ। ਭਲਕੇ ਚੋਣਾਂ ਨੂੰ ਲੈ ਕੇ ਐਲਾਨ ਕੀਤਾ ਜਾਵੇਗਾ। ਜਾਣਕਾਰੀ ਮੁਤਾਬਕ ਸ਼ੁੱਕਰਵਾਰ ਭਲਕੇ ਸਵੇਰੇ 11 ਵਜੇ ਯੂ.ਟੀ. ਗੈਸਟ ਹਾਊਸ 'ਚ ਨਗਰ ਨਿਗਮ ਚੋਣਾਂ ਦਾ ਐਲਾਨ ਕੀਤਾ ਜਾਵੇਗਾ। ਇਨ੍ਹਾਂ ਚੋਣਾਂ ਦਾ ਐਲਾਨ ਰਿਟਾਇਜ਼ਡ ਆਈ. ਏ. ਐੱਸ. ਅਫ਼ਸਰ ਵਿਜੇ ਕੁਮਾਰ ਦੇਵ ਵਲੋਂ ਕੀਤਾ ਜਾਵੇਗਾ। ਚੋਣਾਂ ਦਾ ਐਲਾਨ ਹੁੰਦਿਆਂ ਹੀ ਸ਼ਹਿਰ 'ਚ ਚੋਣ ਜ਼ਾਬਤਾ ਲੱਗ ਜਾਵੇਗਾ। ਚੰਡੀਗੜ੍ਹ ਦੇ 35 ਨਗਰ ਨਿਗਮ ਵਾਰਡਾਂ 'ਚ ਚੋਣਾਂ ਕਰਵਾਈਆਂ ਜਾਣਗੀਆਂ। ਇਸ ਦੇ ਨਾਲ ਹੀ ਸਿਆਸੀ ਪਾਰਟੀਆਂ ਨਾਲ ਚੋਣਾਂ ਲੜਨ ਦੇ ਇਛੁੱਕ ਉਮੀਦਵਾਰਾਂ ਦੀ ਸਰਗਰਮੀ ਵੀ ਵੱਧ ਜਾਵੇਗੀ।

ਮੁੱਲਾਂਪੁਰ ਦਾਖਾ 'ਚ ਕਾਰ-ਮੋਟਰਸਾਈਕਲ ਦੀ ਟੱਕਰ ਤੋਂ ਬਾਅਦ ਚੱਲੀਆਂ ਗੋਲੀਆਂ, ਕੰਬਿਆ ਪੂਰਾ ਇਲਾਕਾ

ਕੌਮੀ ਪੜ੍ਹਿਕਾ

ਮੁੱਲਾਂਪੁਰ ਦਾਖਾ 20 ਨਵੰਬਰ। ਬੀਤੀ ਰਾਤ ਕਰੀਬ 10 ਵਜੇ ਰਾਏਕੋਟ ਰੋਡ 'ਤੇ ਕਾਰ ਅਤੇ ਮੋਟਰਸਾਈਕਲ ਸਵਾਰਾਂ ਵਿਚਕਾਰ ਹੋਈ ਟੱਕਰ ਤੋਂ ਬਾਅਦ ਵਿਵਾਦ ਖੜ੍ਹਾ ਹੋ ਗਿਆ । ਦੋਵੇਂ ਧਿਰਾਂ ਵਿਚਕਾਰ ਸ਼ੁਰੂ ਹੋਈ ਤਕਰਾਰ ਉਸ ਸਮੇਂ ਗੰਭੀਰ ਰੂਪ ਧਾਰਨ ਕਰ ਗਈ, ਜਦੋਂ ਦੋਵਾਂ ਪਾਸਿਆਂ ਵੱਲੋਂ ਆਪੋ-ਆਪਣੇ ਸਮਰਥਕਾਂ ਨੂੰ ਮੌਕੇ 'ਤੇ ਬੁਲਾ ਲਿਆ ਗਿਆ । ਇਸ ਦੌਰਾਨ ਇਕ ਸਮਰਥਕ ਵੱਲੋਂ ਤਿੰਨ ਫਾਇਰ ਕੀਤੇ ਜਾਣ ਦੀ ਜਾਣਕਾਰੀ ਸਾਹਮਣੇ ਆਈ ਹੈ, ਜਿਸ ਕਾਰਨ ਇਲਾਕੇ ਵਿਚ ਸਹਿਮ ਦਾ ਮਾਹੌਲ ਬਣ ਗਿਆ। ਪ੍ਰਾਪਤ ਜਾਣਕਾਰੀ ਅਨੁਸਾਰ ਬੀਤੀ ਰਾਤ ਕਰੀਬ 10 ਵਜੇ ਰਾਏਕੋਟ 'ਤੇ ਕਾਰ ਅਤੇ ਮੋਟਰਸਾਈਕਲ ਵਿਚਕਾਰ ਟੱਕਰ ਹੋ ਗਈ। ਇਸ ਘਟਨਾ ਤੋਂ ਬਾਅਦ ਦੋਵਾਂ ਧਿਰਾਂ ਵਿਚਕਾਰ ਬਹਿਸ ਸ਼ੁਰੂ ਹੋ ਗਈ । ਮਾਮਲਾ ਸੁਲਝਾਉਣ ਦੀ



ਬਜਾਏ ਦੋਵਾਂ ਪਾਸਿਆਂ ਤੋਂ ਆਪਣੇ ਸਮਰਥਕ ਬੁਲਾ ਲਏ ਗਏ, ਜਿਸ ਕਾਰਨ ਮੌਕੇ 'ਤੇ ਤਣਾਅ ਵੱਧ ਗਿਆ । ਇਸੇ ਦੌਰਾਨ ਇਕ ਸਮਰਥਕ ਵੱਲੋਂ ਤਿੰਨ ਫਾਇਰ ਕੀਤੇ ਜਾਣ ਦੀ ਗੱਲ ਸਾਹਮਣੇ ਆਈ ਹੈ । ਗੋਲੀ ਚੱਲਣ ਦੀ ਘਟਨਾ ਤੋਂ ਬਾਅਦ ਇਲਾਕੇ ਵਿਚ ਚਰਚਾ ਦਾ ਮਾਹੌਲ ਬਣਿਆ ਹੋਇਆ ਹੈ । ਹਾਲਾਂਕਿ ਫਾਇਰ ਕਰਨ ਵਾਲੇ ਵਿਅਕਤੀ ਦੀ ਪਛਾਣ ਫਾਇਰ ਕਰਨ ਦੇ ਕਾਰਨਾਂ ਅਤੇ ਘਟਨਾ ਦੌਰਾਨ ਕਿਸੇ ਦੇ ਜ਼ਖ਼ਮੀ ਹੋਣ ਸਬੰਧੀ ਅਜੇ ਤੱਕ ਕੋਈ ਪੁਸ਼ਟੀ ਨਹੀਂ ਹੈ। ਥਾਣਾ ਦਾਖਾ ਦੀ ਪੁਲਸ ਵੱਲੋਂ ਮਾਮਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ । ਘਟਨਾ ਵਾਲੀ ਥਾਂ ਅਤੇ ਆਲੇ-ਦੁਆਲੇ ਲੱਗੇ ਸੀਸੀਟੀਵੀ ਕੈਮਰਿਆਂ ਦੀ ਫੁਟੇਜ ਖੰਗਾਲੀ ਜਾ ਰਹੀ ਹੈ ਤਾਂ ਜੋ ਟੱਕਰ ਤੋਂ ਲੈ ਕੇ ਫਾਇਰਿੰਗ ਤੱਕ ਵਾਪਰੀ ਘਟਨਾ ਦੀ ਪੂਰੀ ਜਾਣਕਾਰੀ ਹਾਸਲ ਕੀਤੀ ਜਾ ਸਕੇ । ਪੁਲਸ ਵੱਲੋਂ ਇਹ ਵੀ ਪਤਾ ਲਗਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਫਾਇਰ ਕਿਸ ਵਿਅਕਤੀ ਨੇ ਕੀਤੇ ਅਤੇ ਇਸ ਘਟਨਾ ਪਿੱਛੇ ਅਸਲ ਕਾਰਨ ਕੀ ਸੀ। ਗੋਲੀ ਚੱਲਣ ਦੀ ਘਟਨਾ ਨੇ ਇਕ ਵਾਰ ਫਿਰ ਸਵਾਲ ਖੜ੍ਹਾ ਕਰ ਦਿੱਤਾ ਹੈ ? ਹੁਣ ਸਾਰਿਆਂ ਦੀ ਨਜ਼ਰ ਪੁਲਸ ਜਾਂਚ 'ਤੇ ਹੈ ਕਿ ਇਸ ਮਾਮਲੇ ਵਿਚ ਕੀ ਤੱਥ ਸਾਹਮਣੇ ਆਉਂਦੇ ਹਨ ਅਤੇ ਫਾਇਰਿੰਗ ਕਰਨ ਵਾਲੇ ਵਿਅਕਤੀ ਦੀ ਪਛਾਣ ਕਦੋਂ ਹੁੰਦੀ ਹੈ ।

ਨਸ਼ਾ ਸਮੱਗਲਰਾਂ ਦੇ ਸ਼ੱਕੀ ਟਿਕਾਣਿਆਂ 'ਤੇ ਪੁਲਸ ਨੇ ਵੱਡੀ ਛਾਪੇਮਾਰੀ

ਕੋਟਕਪੂਰਾ 20 ਨਵੰਬਰ। ਨਸ਼ਾ ਸਮੱਗਲਰਾਂ ਖ਼?ਲਾਫ ਅੱਜ ਨਰਿਦਰ ਸਿੰਘ ਐੱਸ. ਪੀ ਫਰੀਦਕੋਟ ਅਤੇ ਸੰਜੀਵ ਕੁਮਾਰ ਡੀ. ਐੱਸ. ਪੀ



ਕੋਟਕਪੂਰਾ ਦੀ ਅਗਵਾਈ ਹੇਠ ਸਥਾਨਕ ਜੈਤੋ ਚੁੰਗੀ, ਛੱਜ ਘੜਾ ਮੁਹੱਲਾ ਸਮੇਤ ਵੱਖ-ਵੱਖ ਨਸ਼ਾ ਪ੍ਰਭਾਵਿਤ ਇਲਾਕਿਆਂ ਵਿਚ ਸਰਚ ਆਪ੍ਰੇਸ਼ਨ ਚਲਾਇਆ ਗਿਆ। ਇਸ ਦੌਰਾਨ ਪੁਲਸ ਟੀਮਾਂ ਨੇ ਨਸ਼ਾ ਸਮੱਗਲਿੰਗ 'ਚ ਸ਼ਾਮਲ ਰਹੇ ਸ਼ੱਕੀ ਵਿਅਕਤੀਆਂ ਦੇ ਘਰਾਂ ਦੀ ਤਲਾਸ਼ੀ ਲਈ। ਇਸ ਤੋਂ ਇਲਾਵਾ ਇਲਾਕਿਆਂ 'ਚ ਘੁੰਮ ਰਹੇ ਸ਼ੱਕੀ ਵਿਅਕਤੀਆਂ ਨੂੰ ਰੋਕ ਕੇ ਪੁੱਛ-ਗਿੱਛ ਵੀ ਕੀਤੀ ਗਈ। ਇਸ ਆਪ੍ਰੇਸ਼ਨ ਦੌਰਾਨ ਪੁਲਸ ਵੱਲੋਂ ਵਿਸ਼ੇਸ਼ ਨਾਕਾਬੰਦੀ ਕਰ ਕੇ ਵਾਹਨਾਂ ਅਤੇ ਸ਼ੱਕੀ ਵਿਅਕਤੀਆਂ ਦੀ ਚੈਕਿੰਗ ਵੀ ਕੀਤੀ ਗਈ। ਪੁਲਸ ਵੱਲੋਂ ਟ੍ਰਿਪਲ ਰਾਈਡਿੰਗ, ਕਾਗਜ਼ਾਤ ਪੂਰੇ ਨਾ ਹੋਣ, ਨੰਬਰ ਪਲੇਟ ਨਾ ਹੋਣ ਵਾਲਿਆਂ ਖਿਲਾਫ ਕਾਰਵਾਈ ਕਰਦੇ ਹੋਏ ਚਲਾਨ ਵੀ ਕੱਟੇ ਜਾ ਰਹੇ ਅਤੇ ਵਾਹਨ ਬਾਊਂਡ ਵੀ ਕੀਤੇ ਜਾ ਰਹੇ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਐੱਸ. ਪੀ ਨਰਿਦਰ ਸਿੰਘ ਨੇ ਦੱਸਿਆ ਕਿ ਜ਼ਿਲੇ 'ਚ ਲਗਾਤਾਰ ਸਰਚ ਆਪ੍ਰੇਸ਼ਨ ਚਲਾਏ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਇਨ੍ਹਾਂ ਦਾ ਮੁੱਖ ਉਦੇਸ਼ ਨਸ਼ਿਆਂ ਦੀ ਸਪਲਾਈ ਲਾਈਨ ਤੋੜਨਾ ਅਤੇ ਨਸ਼ਾ ਸਮੱਗਲਿੰਗ 'ਚ ਸ਼ਾਮਲ ਵਿਅਕਤੀਆਂ ਖ਼?ਲਾਫ ਕਾਰਵਾਈ ਕਰਨਾ ਹੈ। ਉਨ੍ਹਾਂ ਕਿਹਾ ਕਿ ਨਸ਼ਿਆਂ ਦੇ ਖ਼ਾਤਮੇ ਅਤੇ ਮਾੜੇ ਅਨਸਰਾਂ ਨੂੰ ਨੱਥ ਪਾਉਣ ਲਈ ਪੁਲਸ ਦੀ ਇਹ ਮੁਹਿੰਮ ਲਗਾਤਾਰ ਜਾਰੀ ਰਹੇਗੀ।

ਸਮਾਣਾ 'ਚ ਵਾਪਰਿਆ ਭਿਆਨਕ ਸੜਕ ਹਾਦਸਾ, ਇਕ ਮਹੀਨੇ ਦੇ ਮਾਸੂਮ ਦੀ ਮੌਤ

ਪਟਿਆਲਾ 20 ਨਵੰਬਰ। ਸਮਾਣਾ-ਪਾਤੜਾਂ ਰੋਡ 'ਤੇ ਪਿੰਡ ਸ਼ਾਹਪੁਰ ਨੇੜੇ ਇਕ ਕਾਰ ਦੇ ਅਚਾਨਕ ਬੇਕਾਬੂ ਹੋ ਕੇ ਦਰੱਖ਼ਤ 'ਚ ਵੱਜਣ ਕਾਰਨ ਭਿਆਨਕ ਸੜਕ ਹਾਦਸਾ ਵਾਪਰ ਗਿਆ। ਇਸ ਹਾਦਸੇ ਵਿਚ ਇਕ ਮਹੀਨੇ ਦੇ ਬੱਚੇ ਦੀ ਮੌਤ ਹੋ ਗਈ। ਇਸ ਦੇ ਨਾਲ ਹੀ ਤਿੰਨ ਜੀਅ ਗੰਭੀਰ ਜ਼ਖ਼ਮੀ ਹੋ ਗਏ, ਜਿਨ੍ਹਾਂ ਨੂੰ ਇਲਾਜ ਲਈ ਸਿਵਲ ਹਸਪਤਾਲ ਸਮ

ਸਿਹਤ ਮੰਤਰੀ ਨਾਲ ਬੈਠਕ ਬੇਸਿੱਟਾ ਰਹਿਣ ਮਗਰੋਂ ਭੜਕੇ ਏਡਜ਼ ਕੰਟਰੋਲ ਕਾਮੇ, 23 ਨਵੰਬਰ ਤੋਂ ਅਣਮਿੱਥੇ ਸਮੇਂ ਲਈ ਕੰਮ ਠੱਪ ਕਰਨ ਦੀ ਦਿੱਤੀ ਚਿਤਾਵਨੀ

ਕੌਮੀ ਪੜ੍ਹਿਕਾ

ਲੁਧਿਆਣਾ 20 ਨਵੰਬਰ। ਸਿਹਤ ਵਿਭਾਗ ਵਿੱਚ ਪੰਜਾਬ ਏਡਜ਼ ਕੰਟਰੋਲ ਸੁਸਾਇਟੀ ਅਧੀਨ ਸੇਵਾਵਾਂ ਨਿਭਾ ਰਹੇ ਕੱਚੇ ਕਾਮਿਆਂ ਵੱਲੋਂ ਆਪਣੀਆਂ ਹੱਕੀ ਮੰਗਾਂ ਨੂੰ ਲੈ ਕੇ ਸੰਘਰਸ਼ ਤਿੱਖਾ ਕਰਨ ਦਾ ਫ਼ੈਸਲਾ ਕੀਤਾ ਹੈ।ਏਡਜ਼ ਕੰਟਰੋਲ ਕਾਮਿਆਂ ਦੀ ਸਿਰਮੌਰ ਜਥੇਬੰਦੀ ਪੰਜਾਬ ਏਡਜ਼ ਕੰਟਰੋਲ ਕਰਮਚਾਰੀ ਐਸੋਸੀਏਸ਼ਨ ਦੇ ਸੂਬਾ ਪ੍ਰਧਾਨ ਜਸਮੇਲ ਸਿੰਘ ਦਿਉਲ ਨੇ ਦੱਸਿਆ ਕਿ ਮੰਗਾਂ ਨੂੰ ਲੈ ਕੇ ਮੈਡੀਕਲ ਸੰਘਰਸ਼ ਕਮੇਟੀ ਪੰਜਾਬ ਦੀ ਚੰਡੀਗੜ੍ਹ ਵਿੱਚ ਸਿਹਤ ਮੰਤਰੀ ਬਲਵੀਰ ਸਿੰਘ ਨਾਲ ਹੋਈ ਬੈਠਕ ਬੇਸਿੱਟਾ ਰਹੀ , ਜਿਸ ਕਰਕੇ ਕੱਚੇ ਕਾਮਿਆਂ ਵਿੱਚ ਨਿਰਾਸ਼ਾ ਦਾ ਮਾਹੌਲ ਬਣਿਆ ਹੋਇਆ ਹੈ। ਉਨ੍ਹਾਂ ਦੱਸਿਆ ਕਿ ਬੈਠਕ ਵਿੱਚ ਸਿਹਤ ਵਿਭਾਗ ਦੇ ਪ੍ਰਮੁੱਖ ਸਕੱਤਰ ਕੁਮਾਰ ਰਾਹੁਲ ਵੀ ਮੌਜੂਦ ਸਨ। ਸਰਕਾਰ ਦੀ ਇਸ ਵਾਅਦਾਖਿਲਾਫ਼ੀ ਅਤੇ ਨਕਾਰਾਤਮਕ ਰਵੱਈਏ ਤੋਂ ਖਫ਼ਾ ਹੋ ਕੇ ਕਾਮਿਆਂ ਨੇ ਸਿਹਤ ਵਿਭਾਗ/ ਸੁਸਾਇਟੀ ਅਤੇ ਪੰਜਾਬ ਸਰਕਾਰ ਨੂੰ ਚਿਤਾਵਨੀ ਦਿੰਦਿਆਂ ਸੰਘਰਸ਼ ਨੂੰ ਹੋਰ ਤਿੱਖਾ ਕਰਨ ਦਾ ਫ਼ੈਸਲਾ ਕੀਤਾ ਹੈ। ਸੂਬਾ ਪ੍ਰਧਾਨ ਦਿਉਲ ਨੇ ਦੱਸਿਆ ਕਿ ਕਾਮਿਆਂ ਦੀਆਂ ਪ੍ਰਮੁੱਖ ਮੰਗਾਂ ਵਿੱਚ ਸਮੂਹ ਕਾਮਿਆਂ ਨੂੰ ਬਿਨਾਂ ਸ਼ਰਤ ਰੈਗੂਲਰ ਕਰਨਾ ਅਤੇ ਦਿੱਲੀ ਦੀ ਤਰਜ਼ 'ਤੇ ਤਨਖਾਹਾਂ ਵਿੱਚ 20 ਫ਼ੀਸਦੀ ਵਾਧਾ ਕਰਨਾ ਸ਼ਾਮਲ ਸੀ। ਸੂਬਾ ਪ੍ਰਧਾਨ ਨੇ ਦੱਸਿਆ ਕਿ ਸਾਲ 2023 ਦੀ ਮੁਲਾਜ਼ਮ ਨੀਤੀ ਦੌਰਾਨ ਏਡਜ਼ ਕੰਟਰੋਲ ਕਾਮਿਆਂ ਦੀ ਵੈਰੀਫਿਕੇਸ਼ਨ ਹੋਣ ਦੇ ਬਾਵਜੂਦ, ਮੌਜੂਦਾ ਨੀਤੀ ਵਿੱਚ ਸੈਂਟਰ ਸਪਾਂਸਰਡ ਸਕੀਮਾਂ ਤਹਿਤ ਇਨ੍ਹਾਂ ਕਾਮਿਆਂ ਨੂੰ ਬਾਹਰ ਰੱਖ ਕੇ ਉਨ੍ਹਾਂ ਨਾਲ ਕੋਝਾ ਮਜ਼ਾਕ ਕੀਤਾ ਗਿਆ ਹੈ, ਜਦਕਿ ਇਹ ਮੁਲਾਜ਼ਮ ਦਿਨ-ਰਾਤ ਬੇਹੱਦ ਜੋਖਮ ਭਰੇ ਹਾਲਾਤਾਂ ਵਿੱਚ ਮਰੀਜ਼ਾਂ ਦੀ ਸੇਵਾ ਕਰ ਰਹੇ ਹਨ।ਆਗੂ ਨੇ ਦੱਸਿਆ ਕਿ ਪ੍ਰਮੁੱਖ ਸਕੱਤਰ ਵੱਲੋਂ ਇਹ ਕਹਿਣਾ ਕਿ ਪੰਜਾਬ ਸਰਕਾਰ ਲੋਕਾਂ ਨੂੰ ਮੁਫ਼ਤ ਸਹੂਲਤਾਂ ਦੇ ਰਹੀ ਹੈ, ਤੁਹਾਡੇ ਲਈ ਪੈਸਾ ਕਿੱਥੋਂ ਆਵੇਗਾ ,ਨੇ ਕਾਮਿਆਂ ਦੇ ਹਿਰਦੇ ਵਲੂੰਧਰ ਕੇ ਰੱਖ ਦਿੱਤੇ ਹਨ। ਪ੍ਰਮੁੱਖ ਸਕੱਤਰ ਦੁਆਰਾ ਦਿੱਤਾ ਬਿਆਨ ਸਰਕਾਰ ਦੀ ਮੁਲਾਜ਼ਮ ਵਿਰੋਧੀ ਮਾਨਸਿਕਤਾ ਅਤੇ ਅੰਨ੍ਹੀ ਲਾਪਰਵਾਹੀ ਨੂੰ ਜੱਗ-ਜ਼ਾਹਰ ਕਰਦਾ ਹੈ। ਚੋਣਾਂ ਤੋਂ ਪਹਿਲਾਂ 20 ਫੀਸਦੀ ਤਨਖਾਹ ਵਾਧੇ ਦਾ ਵਾਅਦਾ ਕਰਨ ਵਾਲੀ ਸਰਕਾਰ ਦੀ ਫ਼ਾਈਲ ਪਿਛਲੇ ਲੰਬੇ ਸਮੇਂ ਤੋਂ ਦਫ਼ਤਰਾਂ ਦੇ ਚੱਕਰ ਕੱਟ ਰਹੀ ਹੈ। 6 ਤੋਂ ਵੱਧ ਸਬ-ਕਮੇਟੀਆਂ ਦੀਆਂ ਮੀਟਿੰਗਾਂ ਅਤੇ 3 ਨਵੰਬਰ ਨੂੰ ਦੁਬਾਰਾ ਤਜਵੀਜ਼ ਮੰਗਵਾਉਣ ਦੇ ਬਾਵਜੂਦ, ਬੈਠਕ ਵਿੱਚ ਵਿਭਾਗ ਵੱਲੋਂ ਅਸਮਰੱਥਾ ਜਤਾਉਣਾ ਮੁਲਾਜ਼ਮਾਂ ਨਾਲ ਚਿੱਟੇ ਦਿਨ ਧੋਖਾ ਕਰਨ ਬਰਾਬਰ ਹੈ। ਉਨ੍ਹਾਂ ਅੱਗੇ ਦੱਸਿਆ ਕਿ ਥੋੜ੍ਹੇ ਦਿਨ ਪਹਿਲਾਂ ਪ੍ਰਮੁੱਖ ਸਕੱਤਰ ਨੇ ਜਥੇਬੰਦੀ ਨੂੰ ਭਰੋਸਾ ਦਿਵਾਇਆ ਸੀ ਕਿ ਉਨ੍ਹਾਂ ਦੀਆਂ ਸਾਰੀਆਂ ਮੰਗਾਂ ਪੂਰੀਆਂ ਕੀਤੀਆਂ ਜਾਣਗੀਆਂ, ਪਰ ਹੁਣ ਹੱਥ ਪਿੱਛੇ ਖਿੱਚ ਲਿਆ ਗਿਆ ਹੈ। ਆਗੂ ਨੇ ਦੱਸਿਆ ਕਿ ਜੇਕਰ ਸਰਕਾਰ ਨੇ ਕੱਚੇ ਕਾਮਿਆਂ ਦੀਆਂ ਮੰਗਾਂ ਨਾ ਮੰਨੀਆਂ ਤਾਂ ਏਡਜ਼ ਕੰਟਰੋਲ ਕਾਮੇ 23 ਨਵੰਬਰ ਤੋਂ ਅਣਮਿੱਥੇ ਸਮੇਂ ਲਈ ਪੰਜਾਬ ਭਰ ਵਿੱਚ ਹਰ ਤਰ੍ਹਾਂ ਦਾ ਕੰਮ-ਕਾਜ ਠੱਪ ਕਰ ਦੇਣਗੇ ਅਤੇ ਰਾਜ ਪੱਧਰੀ ਰੋਸ ਪ੍ਰਦਰਸ਼ਨ ਸ਼ੁਰੂ ਕਰ ਦਿੱਤਾ ਜਾਵੇਗਾ। ਆਗੂ ਨੇ ਕਿਹਾ ਕਿ ਇਸ ਤੋਂ ਇਲਾਵਾ, ਜੇਕਰ ਫਿਰ ਵੀ ਆਉਣ ਵਾਲੇ ਵਿਸ਼ਵ ਏਡਜ਼ ਦਿਵਸ (1 ਦਸੰਬਰ) ਤੱਕ ਪੰਜਾਬ ਸਰਕਾਰ ਵੱਲੋਂ ਤਨਖਾਹ ਵਾਧੇ ਅਤੇ ਰੈਗੂਲਰ ਕਰਨ ਸਬੰਧੀ ਕੋਈ ਅਧਿਕਾਰਤ ਪੱਤਰ ਜਾਰੀ ਨਾ ਕੀਤਾ ਗਿਆ, ਤਾਂ ਕਾਮੇ ਸੂਬਾ ਪੱਧਰ 'ਤੇ ਪੱਕੇ ਧਰਨੇ 'ਤੇ ਬੈਠਣ ਲਈ ਮਜ਼ਬੂਰ ਹੋਣਗੇ।

ਦਰਦਨਾਕ ਸੜਕ ਹਾਦਸਾ: 500 ਮੀਟਰ ਡੂੰਘੀ ਖੱਡ 'ਚ ਡਿੱਗੀ ਕਾਰ, 6 ਨੌਜਵਾਨਾਂ ਦੀ ਮੌਤ

ਮੰਡੀ 20 ਨਵੰਬਰ। ਹਿਮਾਚਲ ਪ੍ਰਦੇਸ਼ ਦੇ ਮੰਡੀ ਜ਼ਿਲ੍ਹੇ ਵਿੱਚ ਵਾਪਰੇ ਇੱਕ ਭਿਆਨਕ ਸੜਕ ਹਾਦਸੇ ਵਿੱਚ ਛੇ ਨੌਜਵਾਨਾਂ ਦੀ ਦਰਦਨਾਕ ਮੌਤ ਹੋ ਗਈ। ਇਹ ਹਾਦਸਾ ਜੋਗਿੰਦਰਨਗਰ ਸਬ-ਡਿਵੀਜ਼ਨ ਦੇ ਲੜਭਰੋਲ ਇਲਾਕੇ ਵਿੱਚ ਉਸ ਸਮੇਂ ਵਾਪਰਿਆ, ਜਦੋਂ ਨੌਜਵਾਨਾਂ ਦੀ ਕਾਰ ਬੇਕਾਬੂ ਹੋ ਕੇ ਕਰੀਬ 500 ਮੀਟਰ ਡੂੰਘੀ ਖੱਡ ਵਿੱਚ ਜਾ ਡਿੱਗੀ। ਤਹਿਸੀਲਦਾਰ ਮੁਕੁਲ ਸ਼ਰਮਾ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ, ਹਾਦਸੇ ਵਿੱਚ ਜਾਨ ਗੁਆਉਣ ਵਾਲੇ ਸਾਰੇ ਨੌਜਵਾਨਾਂ ਦੀ ਉਮਰ 16 ਤੋਂ 22 ਸਾਲ ਦੇ ਵਿਚਕਾਰ ਦੱਸੀ ਜਾ ਰਹੀ ਹੈ। ਸਾਰੇ ਨੌਜਵਾਨ ਕਿਸੇ ਸਮਾਗਮ ਤੋਂ ਵਾਪਸ ਪਰਤ ਰਹੇ ਸਨ ਕਿ ਰਸਤੇ ਵਿੱਚ ਇਹ ਭਾਣਾ ਵਰਤ ਗਿਆ। ਦੱਸਿਆ ਜਾ ਰਿਹਾ ਹੈ ਕਿ ਇਹ ਨੌਜਵਾਨ ਮੰਗਲਵਾਰ ਤੋਂ ਹੀ ਲਾਪਤਾ ਸਨ ਅਤੇ ਪਰਿਵਾਰਕ ਮੈਂਬਰਾਂ ਦਾ ਉਨ੍ਹਾਂ ਨਾਲ ਕੋਈ ਸੰਪਰਕ ਨਹੀਂ ਹੋ ਪਾ ਰਿਹਾ ਸੀ। ਹਾਦਸੇ ਦੀ ਸੂਚਨਾ ਮਿਲਦਿਆਂ ਹੀ ਸਥਾਨਕ ਪ੍ਰਸ਼ਾਸਨ ਅਤੇ ਪੁਲਸ ਟੀਮਾਂ ਮੌਕੇ 'ਤੇ ਪਹੁੰਚ ਗਈਆਂ ਅਤੇ ਰਾਹਤ ਤੇ ਬਚਾਅ ਕਾਰਜ ਸ਼ੁਰੂ ਕੀਤੇ ਗਏ।

11 ਇੰਸਪੈਕਟਰਾਂ ਸਣੇ 18 ਪੁਲਸ ਮੁਲਾਜ਼ਮਾਂ ਦੇ ਤਬਾਦਲੇ

ਹਰਿਆਣਾ 20 ਨਵੰਬਰ। ਹਰਿਆਣਾ ਪੁਲਸ ਵਿਭਾਗ ਵਿੱਚ ਪ੍ਰਸ਼ਾਸਕੀ ਕੁਸ਼ਲਤਾ ਵਿੱਚ ਸੁਧਾਰ ਲਿਆਉਣ ਅਤੇ ਕਾਨੂੰਨ ਵਿਵਸਥਾ ਨੂੰ ਸੁਚਾਰੂ ਬਣਾਉਣ ਲਈ ਇੱਕ ਫੇਰਬਦਲ ਕੀਤਾ ਜਾ ਰਿਹਾ ਹੈ। ਇਸ ਸੰਦਰਭ ਵਿੱਚ ਰਾਜ ਸਰਕਾਰ ਨੇ ਇੱਕ ਵਾਰ ਫਿਰ ਪੁਲਸ ਵਿਭਾਗ ਵਿੱਚ ਪ੍ਰਸ਼ਾਸਕੀ ਬਦਲਾਅ ਕਰਦੇ ਹੋਏ ਕੁੱਲ 18 ਪੁਲਸ ਅਧਿਕਾਰੀਆਂ ਦੇ ਤਬਾਦਲੇ ਕਰਨ ਦੇ ਹੁਕਮ ਜਾਰੀ ਕੀਤੇ ਹਨ। ਪ੍ਰਾਪਤ ਜਾਣਕਾਰੀ ਅਨੁਸਾਰ, ਇਨ੍ਹਾਂ ਤਬਾਦਲਿਆਂ ਵਿੱਚ ਇੰਸਪੈਕਟਰ ਪੱਧਰ ਤੋਂ ਇਲਾਵਾ ਹੋਰ ਪੁਲਸ ਅਧਿਕਾਰੀ ਵੀ ਸ਼ਾਮਲ ਹਨ, ਜਿਨ੍ਹਾਂ ਨੂੰ ਪ੍ਰਸ਼ਾਸਕੀ ਜ਼ਰੂਰਤਾਂ ਨੂੰ ਪੂਰਾ ਕਰਨ ਅਤੇ ਕੰਮਕਾਜੀ ਪ੍ਰਕਿਰਿਆਵਾਂ ਨੂੰ ਬਿਹਤਰ ਬਣਾਉਣ ਲਈ ਵੱਖ-ਵੱਖ ਜ਼ਿਲ੍ਹਿਆਂ ਅਤੇ ਇਕਾਈਆਂ ਵਿੱਚ ਭੇਜਿਆ ਗਿਆ ਹੈ। ਵਿਭਾਗ ਨੇ ਇਸ ਸਬੰਧ ਵਿੱਚ ਇੱਕ ਅਧਿਕਾਰਤ ਸੂਚੀ ਜਾਰੀ ਕੀਤੀ ਹੈ, ਜਿਸ ਤੋਂ ਬਾਅਦ ਸਾਰੇ ਸਬੰਧਤ ਪੁਲਸ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਤੁਰੰਤ ਪ੍ਰਭਾਵ ਨਾਲ ਆਪਣੀ ਨਵੀਂ ਤਾਇਨਾਤੀ ਵਾਲੀ ਥਾਂ 'ਤੇ ਸ਼ਾਮਲ ਹੋਣ ਦੇ ਨਿਰਦੇਸ਼ ਦਿੱਤੇ ਗਏ ਹਨ।

ਸਰਕਾਰੀ ਬੱਸਾਂ ਦੇ ਠੇਕਾ ਮੁਲਾਜ਼ਮਾਂ ਨੇ ਦੂਜੇ ਦਿਨ ਵੀ ਰੋਸ ਪ੍ਰਦਰਸ਼ਨ ਕਰਕੇ ਕੱਢੀ ਭੜਾਸ

ਰੂਪਨਗਰ 20 ਨਵੰਬਰ। ਪੀ. ਆਰ. ਟੀ. ਸੀ. ਦੇ ਕੰਟਰੈਕਟਰ ਕਾਮਿਆਂ ਵੱਲੋਂ ਪਨਬੱਸ ਅਤੇ ਪੀ. ਆਰ. ਟੀ. ਸੀ. ਦਾ ਚੱਕਾ ਜਾਮ ਕਰਕੇ ਅੱਜ ਦੂਜੇ ਦਿਨ ਵੀ ਹੜਤਾਲ ਕੀਤੀ ਗਈ, ਜਿਸ 'ਚ ਰੂਪਨਗਰ ਰੋਡਵੇਜ਼ ਡੀਪੂ ਦੇ ਗੇਟ ਉੱਤੇ ਇਨ੍ਹਾਂ ਕੰਟਰੈਕਟਰ ਕਰਮਚਾਰੀਆਂ ਵੱਲੋਂ ਮੰਗਾਂ ਨੂੰ ਲੈ ਕੇ ਪੰਜਾਬ ਸਰਕਾਰ ਖ਼?ਲਾਫ਼ ਰੋਸ ਪ੍ਰਦਰਸ਼ਨ ਕੀਤਾ ਗਿਆ। ਕੰਟਰੈਕਟਰ ਕਰਮਚਾਰੀ ਯੂਨੀਅਨ ਦੇ ਪ੍ਰਧਾਨ ਕੁਲਵੰਤ ਸਿੰਘ ਅਤੇ ਹੋਰ ਬੁਲਾਰਿਆ ਨੇ ਸਰਕਾਰ ਵੱਲੋਂ ਬਾਰ-ਬਾਰ ਉਨ੍ਹਾਂ ਨੂੰ ਪੱਕੇ ਕਰਨ ਲਈ ਮੀਟਿੰਗਾਂ ਦਿੱਤੀਆਂ ਜਾਂਦੀਆਂ ਹਨ ਪਰ ਮੀਟਿੰਗਾਂ ਦਾ ਕੋਈ ਵੀ ਹੱਲ ਨਹੀਂ ਨਿਕਲ ਰਿਹਾ। ਉਨ੍ਹਾਂ ਕਿਹਾ ਕਿ ਜਦੋਂ ਹੁਣ ਚੋਣ ਜ਼ਾਬਤਾ ਲੱਗਣ ਵਾਲਾ ਹੈ ਅਤੇ ਸਰਕਾਰ ਡੰਗ ਡਪਾਊ ਨੀਤੀ ਅਪਣਾ ਰਹੀ ਹੈ। ਉਨ੍ਹਾਂ ਕਿਹਾ ਕਿ ਸਾਡੀਆਂ ਮੁੱਖ ਮੰਗਾਂ ਹਨ ਕਿ ਆਊਟ ਸੋਰਸ 'ਤੇ ਕੰਮ ਕਰ ਰਹੇ ਕਰਮਚਾਰੀਆਂ ਨੂੰ ਮਹਿਕਮੇ ਵਿੱਚ ਪੱਕਾ ਕੀਤਾ ਜਾਵੇ, ਪਨਬੱਸ ਅਤੇ ਪੀ. ਆਰ. ਟੀ. ਸੀ. ਵਿੱਚ 1000 ਨਵੀਂ ਬੱਸ ਪਾਈ ਜਾਵੇ ਅਤੇ ਸੰਘਰਸ਼ ਦੌਰਾਨ ਕੀਤੇ ਗਏ ਪਰਚਿਆਂ ਨੂੰ ਰੱਦ ਕੀਤਾ ਜਾਵੇ। ਯੂਨੀਅਨ ਨੇ ਐਲਾਨ ਕੀਤਾ ਗਿਆ ਜੇਕਰ ਸਰਕਾਰ ਨੇ ਮੰਗਾਂ ਦਾ ਹੱਲ ਜਲਦ ਤੋ ਜਲਦ ਨਾ ਕੀਤਾ ਤਾਂ ਸੰਘਰਸ਼ ਤੇਜ ਕੀਤਾ ਜਾਵੇਗਾ, ਜਿਸ 'ਚ ਮੁੱਖ ਮੰਤਰੀ ਪੰਜਾਬ ਦੇ ਇਲਾਵਾ ਮੰਤਰੀਆਂ ਅਤੇ ਵਿਧਾਇਕਾਂ ਦਾ ਹਰ ਜਗ?ਹਾ ਵਿਰੋਧ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਸਰਕਾਰ ਨੂੰ ਚੋਣਾਂ ਸਮੇ ਇਸ ਦਾ ਖਮਿਆਜਾ ਭੁਗਤਣਾ ਪਵੇਗਾ। ਦੂਜੇ ਪਾਸੇ ਪਨਬੱਸ ਅਤੇ ਪੀ. ਆਰ. ਟੀ. ਸੀ. ਬੱਸਾਂ ਦੀ ਆਵਾਜਾਈ ਪ੍ਰਭਾਵਿਤ ਹੋਣ ਕਾਰਨ ਅੱਜ ਵੀ ਯਾਤਰੀਆਂ ਨੂੰ ਭਾਰੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ ਅਤੇ ਯਾਤਰੀਆ ਨੂੰ ਨਿੱਜੀ ਬੱਸਾਂ ਦਾ ਸਹਾਰਾ ਲੈਣਾ ਪਿਆ। ਰੋਸ ਪ੍ਰਦਰਸ਼ਨ 'ਚ ਸਮੂਹ ਕੰਟਰੈਕਟਰ ਕਰਮਚਾਰੀਆ ਨੇ ਸਰਕਾਰ ਅਤੇ ਵਿਭਾਗ ਖ਼?ਲਾਫ਼ ਜੰਮ ਕੇ ਨਾਅਰੇਬਾਜ਼ੀ ਕੀਤੀ।

NAME CHANGE
I, PRITI DAS D/O DALIP KUMAR residing at D-293 J.J COLONY KHYALA, DELHI-110018 . have changed my name to PRITY DASS for all future purposes.

NAME CHANGE
I, S BHASKARA VIJAY KUMAR residing at-H NO-6-225/6, PADMANABHANAGAR, VENKATAPURAM, NEAR RAMALAYAM, VISAKHAPATNAM, ANDHRA PRADESH-530029, have changed my mother's name from SENAPATHI VENKATA RATNAM to SENAPATHI APPALA RATNAM for all future purposes vide Affidavit dated 16/07/2025 before Notary Public, Delhi.

NAME CHANGE
I, SWETA RAI BHUTIA Wife of No. 5458488P Rank-NK Name-TSHERING BHUTIA Presently residing at VILL-DURPIN GUMBA, PO-KALIMPONG, DISTT-KALIMPONG, WEST BENGAL-734301, have changed my name from SWETA RAI BHUTIA to SWETA RAI for all future purposes vide Affidavit dated 16/07/2025 before Notary Public, Delhi.

NAME CHANGE
I, DEEPAK KUMAR VERMA S/O PARTAP SINGH resident of H.No.16, Tara Nagar Main Kakrola Road, Kakrola, South West Delhi, Delhi-110078 have changed the name of my minor daughter SHREYA ALIAS SHREYA VERMA aged 13 years, and she shall hereafter be known as SHREYA VERMA.

NAME CHANGE
I hitherto known as SAMEERA SINGH D/O SUDHIR KUMAR SINGH residing at Flat No.E-1058, River Heights, Raj Nagar, Extension, Tower-15, Ghaziabad, U.P.-201001, have changed my name and shall hereafter be known as SAMEERA SINGH AMETHIA.

NAME CHANGE
I, Sushma D/O Shambu Prasad Dharmana W/O Vinod Kumar R/O B-6 Police Colony Mandir Marg New Delhi 110001 Have changed my name to Sushma Badola for all future purposes.

NAME CHANGE
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

PUBLIC NOTICE
It is for general information that I, Rahul Vishwakarma S/o H.P. Vishvakarma R/o J-4, Ground Floor Gandhi Market, Mir Dard Road, Minto Road, Indraprastha, Central Delhi, Delhi-110002 declare that name of mine has been wrongly written as Rahul Kumar Vishvakarma in my minor daughter namely Anika Vishvakarma aged 5 years in his School Records. The actual name of mine is Rahul Vishwakarma.

PUBLIC NOTICE
It is for general information that 1 INDU CHAUHAN W/O NARENDER SINGH CHAUHAN R/O N-129/1, T-HUTS, KHILONA BAGH DIST NORTH WEST DELHI-110009 declare that name of mine has been wrongly written as INDU KANWAR in my minor son namely HARSH VARDHAN SINGH CHAUHAN aged 13 years in his school record and birth certificate No. MCDOLIR -2211-005020356. The actual name of mine is INDU CHAUHAN which may be amended accordingly

PUBLIC NOTICE
It is for general information that CHANDER VEER S/O RAM JI LAL R/O Q-157 Vikas Vihar Uttam Nagar West Delhi Delhi-110059 declare that name of mine has been wrongly written as CHANDER PAL in my minor daughter namely KIRTI aged 15 years in her birth certificate No.MCDOLIR-0110-004425168. The actual name of mine is CHANDER VEER which may be amended accordingly

NAME CHANGE
I, hitherto known as ASHISH KUMAR RATHOR S/O PURAN LAL R/O Q-48, RAJEEV NAGAR BEGUM PUR, NORTH WEST DELHI, DELHI-110086, have changed my name and shall hereafter be known as RAZA AHMED.

NAME CHANGE
It is for general information that I ASHISH KUMAR SINHA S/o KHAGEN CHANDRA SINHA R/o House No. 67, Alipur Road, Near Kasturi Ram College, Kureni, North West Delhi, Delhi - 110040, declare that name of my wife and my minor Daughter has been wrongly written as PINKI SINHA and ANUGYA SINHA in my minor Daughter namely ANUGYA aged 16 year in her 10th Class Educational Documents. The actual name of my wife and my minor daughter are PINKI KUMARI and ANUGYA, which may be amended accordingly.

PUBLIC NOTICE
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

NAME CHANGE
I, MOGHAL FATHIMA BAIG Wife of JC-335017L Rank-NB/SUB Name-MOGHAL MOHAMMAD BAIG Presently residing at 9-5-5, ANDHRA RATNA NAGAR, PERALA HIGH SCHOOL, PERALA, CHIRALA PRAKASAM DISTRICT, ANDHRA PRADESH-523157, have changed my name from MOGHAL FATHIMA BAIG to FATHIMA SHAIK for all future purposes vide Affidavit dated 16/07/2025 before First Class Magistrate, Shillong, Meghalaya.

NAME CHANGE
I Jugal Kishor S/o Lila Dhar R/o H.No-196 S/F, Kh.No-619/21, Chattar Pur, South Delhi, Delhi-110074 have changed the name of my minor daughter namely Krishna Devi aged 16 years and she shall hereafter be known as Priya.

NAME CHANGE
I hitherto known as Farman S/o Akeel Ahmed R/o B 272/27, Gali No 4, Subhash Mohalla North Ghonda, Garhi Mendu, Bhajan Pura, North East, Delhi-110053 have changed my name and shall hereafter be known as Farman Ahmed.

NAME CHANGE
I hitherto known as Atif S/o Manzoor Khan R/o 1/99-C, 4F/F, Gali No-5, Guru Harkrishan School Wali Gali, Kabir Nagar, Gokal Pur, North East Delhi, Delhi-110094 have changed my name and shall hereafter be known as Atif Khan.

NAME CHANGE
I hitherto known as Aakash S/o Makan Singh Rawat R/o 2087/5, Gali No.20, Prem Nagar Patel Nagar, Patel Nagar S.O, Central Delhi, Delhi-110008 have changed my name and shall hereafter be known as Akash Rawat.

NAME CHANGE
I hitherto known as Sanam Kumari W/o Samarjeet Gupta R/o E-400-D, Block-E, Ashok Nagar, Vasundhra Enclave, East Delhi, Delhi, Delhi-110096 have changed my name and shall hereafter be known as Sonam Sav.

NAME CHANGE
I hitherto known as Laxman Yadav alias Bhavikshan Yadav S/O Bechan Yadav R/O Gram Debra, Post Bela, Thana Babubarhi, Ward No-02, Bela, PO Bela, Dist Madhubani, Bihar-847224 have changed my name and shall hereafter be known as Bhavikshna Yadav.

NAME CHANGE
I Suvita Rana(d/o.Shri Omvir Singh) wife of Vikram Singh Rana was Suvita Rani before Marriage. After marriage I am also known as Suvita Rana and as such in my daughter's educational certificate my name (as her mother) is endorsed as Suvita Rana. Thus I affirm and confirm that Suvita Rani (my maiden name) and Suvita Rana (my name having surname of my husband Vikram Singh Rana) is the same person.

NAME CHANGE
I, HASINA BEGAM KHAN W/O SALIM IQBAL KHAN R/O TAURU ROAD, MARIA MANJIL SCHOOL ,ARAVALY COLONY, NUH, MEWAT, HARYANA-122107 HAVE CHANGED MY NAME TO HASINA BEGAM FOR ALL PURPOSE.

NAME CHANGE
I, Sudama Sharma S/O Devi Ram Sharma,R/O A - 3/106 - 107 , Sector-16 Rohini, Rohini Sector 15, North West Delhi, Delhi - 110089, have changed the name of my minor son namely Yash Sharma aged 15 years and he shall hereafter be known as Aayush Sharma.

NAME CHANGE
I, S VANITHA W/o No. 14838283N Rank-HAV/MT Name-RAMESH P R/o VILL-SEDRAMPUTTU, PO-SEDRAMPUTTU, TEH-POLUR, DIST-THRUVANNAMALAI, TAMIL NADU-632315, have changed my name from S VANITHA to VANITHA R for all future purposes vide Affidavit dated 15/07/2025 before Notary Public, Kupwara.

NAME CHANGE
I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

NAME CHANGE
I, SANJAY KUMAR CHOUDHARY S/o LATE SH. LAXMAN CHAUDHARY Permanent R/o Parsauni Khirodhar, Sitamarhi, Bihar-843325 and Presently Residing at Plot No. B-20, Second Floor, Dass Garden, Baprola Vihar, Najafgarh, New Delhi-110043. declare that name of mine has been wrongly written as SANJAY CHOUDHARY in my minor daughter namely SHIWANGI CHOUDHARY aged 17 years in her 10th class Marksheet. The actual name of mine is SANJAY KUMAR CHOUDHARY, which may be amended accordingly.

NAME CHANGE
I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

NAME CHANGE
I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

PUBLIC NOTICE
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs..), & Khasra No. 236 (222.5 sq. mtrs..), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained

[NAVEEN KUMAR VERMA]
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

NAME CHANGE
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

NAME CHANGE
I, Sansare Amrut Narayan father of No.4580889H Rank-Hav Name Sansare Ravindra Amrut residing at Vill. Deolali Pravara, Tehsil - Rahuri, District.Ahilyanagar, Maharashtra - 413716 have changed my name from Sansare Amrut Narayan to Amrut Narayan Sansare vide affidavit dated 15.07.2025 executed before Notary Public, Delhi.

NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO

ਸਰਬ ਸਾਂਝੇ ਗਰਿਬਰ
ਸ੍ਰੀ ਗੁਰੂ ਨਾਨਕ ਦੇਵ ਜੀ





ਭਾਈ ਗੋਬਿੰਦ ਸਿੰਘ ਲੌਂਗੋਵਾਲ

ਸ੍ਰੀ ਗੁਰੂ ਨਾਨਕ ਦੇਵ ਜੀ ਮਨੁੱਖਤਾ ਦੇ ਸਰਬ-ਸਾਂਝੇ ਗੁਰੂ ਹਨ। ਆਪ ਦੀ ਵਿਚਾਰਧਾਰਾ ਤੇ ਉਪਦੇਸ਼ਾਂ ਦਾ ਆਧਾਰ ਅਧਿਆਤਮਿਕ, ਸਮਾਜਿਕ ਤੇ ਭਾਵਨਾਤਮਕ ਏਕਤਾ ਹੈ। ਆਪ ਨੇ ਆਪਣੀ ਪਾਵਨ ਗੁਰਬਾਣੀ ਅੰਦਰ ਜੀਵਨ ਦੇ ਹਰ ਪੱਖ ਨਾਲ ਸਬੰਧਤ ਭਾਰਤੀ ਦਰਸ਼ਨ 'ਚ ਪ੍ਰਚਲਿਤ ਕਦਰਾਂ-ਕੀਮਤਾਂ ਦੀ ਪੜਚੋਲ ਕਰਨ ਤੋਂ ਬਾਅਦ ਇਨ੍ਹਾਂ ਨੂੰ ਨਵੇਂ ਸਿਰਿਉਂ ਸੰਗਠਿਤ ਕੀਤਾ। ਇਸੇ ਲਈ ਭਾਰਤੀ ਦਰਸ਼ਨ ਦੇ ਇਤਿਹਾਸ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਨਿਵੇਕਲਾ ਤੇ ਪ੍ਰਥਮ ਸਥਾਨ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਧਰਮ ਨੂੰ ਕਰਮਕਾਂਡ ਤੋਂ ਵੱਖ ਕਰ ਕੇ ਸਮਾਜ ਵਿਚ ਧਰਮ ਦਾ ਸਹੀ ਸਥਾਨ ਨਿਸ਼ਚਿਤ ਕੀਤਾ ਅਤੇ ਧਰਮ ਤੇ ਸਮਾਜ ਦੀ ਇਕ-ਦੂਜੇ 'ਤੇ ਪਰਸਪਰ ਨਿਰਭਰਤਾ ਨੂੰ ਸਪਸ਼ਟ ਕੀਤਾ। ਇਹ ਇਸ ਲਈ ਵੱਡੇ ਅਰਥ ਰੱਖਦਾ ਹੈ ਕਿਉਂਕਿ ਉਸ ਸਮੇਂ ਧਰਮ ਦੀਆਂ ਧਾਰਨਾਵਾਂ ਨਾਲ ਕਰਮਕਾਂਡ ਸਹਿਵਨ ਹੀ ਜੋੜੇ ਜਾ ਰਹੇ ਸਨ। ਉਨ੍ਹਾਂ ਭਾਰਤੀ ਸਮਾਜ ਦੀਆਂ ਸਮੱਸਿਆਵਾਂ ਦਾ ਵਿਸ਼ਲੇਸ਼ਣ ਕਰ ਕੇ ਉਨ੍ਹਾਂ ਦੇ ਢੁੱਕਵੇਂ, ਸਾਦੇ ਤੇ ਸਪਸ਼ਟ ਹੱਲ ਦੱਸੇ। ਭਾਰਤੀ ਧਾਰਮਿਕ ਖੇਤਰ ਤੇ ਧਰਮ ਦਰਸ਼ਨ ਵਿਚ ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਅਜਿਹੇ ਯਤਨ ਕਿਸੇ ਹੋਰ ਨੇ ਕੀਤੇ ਹੋਣ ਇਸ ਦੀਆਂ ਉਦਾਹਰਣਾਂ ਨਾਮਾਤਰ ਹਨ। ਗੁਰੂ ਸਾਹਿਬ ਦੀ ਬਾਣੀ ਪੜ੍ਹਿਆਂ ਤੇ ਵਿਚਾਰਿਆਂ ਪਤਾ ਲੱਗਦਾ ਹੈ ਕਿ ਉਨ੍ਹਾਂ ਨੇ ਧਾਰਮਿਕ ਸਰੋਕਾਰਾਂ ਦੇ ਨਾਲ-ਨਾਲ ਸਮਾਜਿਕ, ਆਰਥਿਕ, ਰਾਜਨੀਤਿਕ, ਵਿਗਿਆਨਕ, ਵਿਉਪਾਰਕ ਆਦਿ ਹਰ ਖੇਤਰ 'ਚ ਮੁਕੰਮਲ ਸੇਧ ਦੇ ਕੇ ਮਨੁੱਖ ਦੀ ਹੋਣੀ ਸੰਵਾਰਨ ਲਈ ਸੁਚੱਜੀ ਜੀਵਨ ਜਾਚ ਦਿੱਤੀ।

ਗੁਰੂ ਸਾਹਿਬ ਤੋਂ ਪਹਿਲਾਂ ਭਾਰਤੀ ਦਰਸ਼ਨ ਵਿਚ ਦੂਸਰੇ ਦੀ ਵਿਚਾਰਧਾਰਾ ਨੂੰ ਰੱਦ ਕਰ ਕੇ ਆਪਣਾ ਮਤ ਸਥਾਪਿਤ ਕਰਨ ਦੀ ਪਿਰਤ ਸਮਾਜ ਲਈ ਬੜੀ ਘਾਤਕ ਸੀ ਪਰ ਜਦੋਂ ਅਸੀਂ ਗੁਰੂ ਸਾਹਿਬ ਦੀ ਬਾਣੀ ਪੜ੍ਹਦੇ ਹਾਂ ਤਾਂ ਪਤਾ ਚੱਲਦਾ ਹੈ ਕਿ ਗੁਰੂ ਸਾਹਿਬ ਨੇ ਦੂਸਰੇ ਦੀ ਵਿਚਾਰਧਾਰਾ ਨੂੰ ਰੱਦ ਕਰਨ 'ਤੇ ਹੀ ਜ਼ੋਰ ਨਹੀਂ ਦਿੱਤਾ ਸਗੋਂ ਆਪਣੇ ਢੰਗ ਨਾਲ ਉਸ ਦੀ ਵਿਆਖਿਆ ਕਰ ਕੇ ਸਹੀ ਦਿਸ਼ਾ ਵੀ ਪ੍ਰਦਾਨ ਕੀਤੀ। ਉਨ੍ਹਾਂ ਜੋਗੀ, ਸੰਨਿਆਸੀ, ਵੈਸ਼ਨਵ, ਸ਼ੈਵ, ਨਾਥ-ਪੰਥੀ, ਸਿੱਧ, ਪੀਰ ਆਦਿ ਸਭ ਵਿਚ ਜਿੱਥੇ ਕਿਤੇ ਕਮਜ਼ੋਰੀ ਦੇਖੀ, ਉੱਥੇ ਆਲੋਚਨਾ ਦੇ ਨਾਲ-ਨਾਲ ਸਹੀ ਮਾਰਗ ਦਰਸ਼ਨ ਵੀ ਕੀਤਾ। ਉਨ੍ਹਾਂ ਵੱਖ-ਵੱਖ ਧਰਮਾਂ ਦੇ ਅਗੂਆਂ ਨਾਲ ਕੀਤੀਆਂ ਗੋਸਟੀਆਂ ਵਿਚ ਹਰੇਕ ਦੇ ਸਵਾਲਾਂ ਦੇ ਜਵਾਬ ਦਿੱਤੇ। ਇਸ ਤਰ੍ਹਾਂ ਗੁਰੂ ਸਾਹਿਬ ਇਕ ਸੰਤੁਲਿਤ ਦਾਰਸ਼ਨਿਕ ਦੇ ਰੂਪ ਵਿਚ ਪ੍ਰਗਟ ਹੋਏ, ਜਿਸ ਦੀ ਭਾਰਤੀ ਧਰਮ ਦਰਸ਼ਨ 'ਚ ਘਾਟ ਸੀ।

ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਨੂੰ ਵਿਚਾਰਦਿਆਂ ਸੱਜਰੀ ਰੌਸ਼ਨੀ ਦ੍ਰਿਸ਼ਟੀਗੋਚਰ ਹੁੰਦੀ ਹੈ। ਗੁਰੂ ਸਾਹਿਬ ਨੇ ਉਚ-ਨੀਚ ਤੇ ਜਾਤ-ਪਾਤ ਦੇ ਵਿਤਕਰੇ ਦੀ ਨਿਖੇਧੀ ਕੀਤੀ। ਇਸ ਤੋਂ ਵੀ ਅਗਲੀ ਗੱਲ ਕਿ ਇਸ ਨੂੰ ਧਰਮ ਦੀਆਂ ਧਾਰਨਾਵਾਂ ਵਜੋਂ ਲੋਕਾਂ 'ਤੇ ਠੋਸਿਆਂ ਜਾ ਰਿਹਾ ਸੀ। ਗੁਰੂ ਸਾਹਿਬ ਨੇ ਇਸ ਨੂੰ ਮੂਲੋਂ ਨਕਾਰਿਆ ਤੇ ਮਨੁੱਖੀ ਬਰਾਬਰੀ ਨੂੰ ਪ੍ਰਧਾਨਤਾ ਦਿੱਤੀ। ਗੁਰੂ ਸਾਹਿਬ ਨੇ ਕੇਵਲ ਸਮਾਜ ਨੂੰ ਹੀ ਉਪਦੇਸ਼ ਹੀ ਨਹੀਂ ਕੀਤਾ, ਸਗੋਂ ਇਸ 'ਤੇ ਆਪ ਵੀ ਅਮਲੀ ਰੂਪ 'ਚ ਪਹਿਰਾ ਦਿੱਤਾ। ਆਪ ਫ਼ੁਰਮਾਉਂਦੇ ਹਨ :

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥
ਨਾਨਕ ਤਿਨ ਕੈ ਸੰਗ ਸਾਥਿ ਵਡਿਆ ਸਿਉ ਕਿਆ ਰੀਸ॥

ਗੁਰੂ ਸਾਹਿਬ ਨੇ ਇਸਤਰੀ ਦੇ ਹੱਕ ਵਿਚ ਵੀ ਅਵਾਜ਼ ਉਠਾਈ। ਅਸਲ ਵਿਚ ਉਸ ਸਮੇਂ ਹਿੰਦੁਸਤਾਨੀ ਸਮਾਜ ਵਿਚ ਇਸਤਰੀ ਦੀ ਦਸ਼ਾ ਬੜੀ ਮਾੜੀ ਸੀ। ਆਪ ਨੇ ਇਸਤਰੀ ਦੇ ਸਨਮਾਨ ਨੂੰ ਹਕੀਕੀ ਤੌਰ 'ਤੇ ਬਹਾਲ ਕਰਦਿਆਂ ਆਪਣੇ ਪੰਥ ਵਿਚ ਮਰਦ ਦੇ ਬਰਾਬਰ ਖੜ੍ਹਾ ਕੀਤਾ। ਇਸ ਸਬੰਧੀ ਗੁਰੂ ਸਾਹਿਬ ਨੇ ਆਪਣੀ ਬਾਣੀ ਵਿਚ ਇਸ ਤਰ੍ਹਾਂ ਫ਼ੁਰਮਾਇਆ :

ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ॥
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ॥
ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ॥
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥

ਗੁਰੂ ਨਾਨਕ ਦੇਵ ਜੀ ਨੇ ਵਹਿਮਾਂ-ਭਰਮਾਂ ਦਾ ਖੰਡਨ ਕੀਤਾ, ਨਾਮ ਜਪਣ, ਸੱਚੀ-ਸੁੱਚੀ ਕਿਰਤ ਕਰਨ ਤੇ ਵੰਡ ਛਕਣ ਦਾ ਉਪਦੇਸ਼ ਦਿੱਤਾ। ਗੁਰੂ ਪਾਤਸ਼ਾਹ ਦੇ ਉਪਦੇਸ਼ਾਂ 'ਚੋਂ 'ਸਰਬੱਤ ਦੇ ਭਲੇ' ਦੀ ਭਾਵਨਾ ਉਜਾਗਰ ਹੁੰਦੀ ਹੈ। ਗੁਰੂ ਨਾਨਕ ਦੇਵ ਜੀ ਸਿੱਖਾਂ ਦੇ ਹੀ ਨਹੀਂ ਸਗੋਂ ਸਮੁੱਚੀ ਮਨੁੱਖਤਾ ਦੇ ਸੱਚੇ ਮਾਰਗ-ਦਰਸ਼ਕ ਸਨ, ਜਿਨ੍ਹਾਂ ਨੇ ਭਰਮ-ਭੁਲੇਖਿਆਂ 'ਚ ਭਟਕ ਰਹੀ ਲੋਕਾਈ ਨੂੰ ਸਹੀ ਰਸਤਾ ਦਿਖਾ ਕੇ ਪਰਮਾਰਥ ਦੇ ਰਾਹ ਤੋਰਿਆ। ਉਨ੍ਹਾਂ ਧਰਮਸ਼ਾਲਾਵਾਂ ਬਣਵਾਈਆਂ, ਲੰਗਰ ਦੀ ਪ੍ਰਥਾ ਕਾਇਮ ਕੀਤੀ ਅਤੇ ਸੰਗਤ-ਪੰਗਤ ਤੇ ਸੇਵਾ-ਸਿਮਰਨ ਆਦਿ ਦੇ ਅਜਿਹੇ ਅਦੁੱਤੀ ਸਿਧਾਂਤ ਮਨੁੱਖਤਾ ਸਾਹਮਣੇ ਰੱਖੇ, ਜੋ ਸਦੀਵੀ ਸੇਧ ਦੇਣ ਵਾਲੇ ਹਨ।

ਗੁਰੂ ਨਾਨਕ ਦੇਵ ਜੀ ਨੇ ਬਾਣੀ ਅੰਦਰ ਮਨੁੱਖ ਦੀ ਮੁਕੰਮਲ ਘਾੜਤ ਘੜਦਿਆਂ ਧਰਮ-ਕਰਮ ਤੇ ਆਚਾਰ-ਵਿਹਾਰ ਨਾਲ ਸਬੰਧਤ ਭਾਰਤੀ ਦਰਸ਼ਨ 'ਚ ਪ੍ਰਚਲਿਤ ਕਦਰਾਂ-ਕੀਮਤਾਂ ਨੂੰ ਨਵੇਂ ਸਿਰਿਉਂ ਸੰਗਠਿਤ ਕੀਤਾ। ਕਈ ਕਦਰਾਂ-ਕੀਮਤਾਂ ਨੂੰ ਤਿਆਗਿਆ, ਕਈਆਂ ਦੇ ਨਕਸ਼ ਤਰਾਸ਼ੇ ਤੇ ਕਈ ਨਵੇਂ ਰਾਹ ਦਿਖਾਏ। ਇਸ ਤਰ੍ਹਾਂ ਗੁਰੂ ਸਾਹਿਬ ਦੀ ਦਾਰਸ਼ਨਿਕ ਵਿਚਾਰਧਾਰਾ ਭਾਰਤੀ ਦਰਸ਼ਨ ਦੇ ਸੰਦਰਭ 'ਚ ਨਿਵੇਕਲੀ ਤੇ ਕਾਰਗਰ ਸਿੱਧ ਹੁੰਦੀ ਹੈ। ਬਹੁਪੱਖੀ ਸ਼ਖ਼ਸੀਅਤ ਤੇ ਵਿਸ਼ਾਲ ਪ੍ਰਤਿਭਾ ਦੇ ਮਾਲਕ ਹੋਣ ਕਰਕੇ ਆਪ ਧਰਮ ਦਰਸ਼ਨ ਸ਼ਾਸਤਰ ਦੇ ਖੇਤਰ ਵਿਚ ਵੀ ਵਿਲੱਖਣ ਤੇ ਮਹਾਨ ਕ੍ਰਾਂਤੀ ਦੇ ਜਨਮਦਾਤਾ ਸਨ। ਗੁਰੂ ਸਾਹਿਬ ਦੀ ਵਿਚਾਰਧਾਰਾ ਤੇ ਉਪਦੇਸ਼ਾਂ ਨੇ ਲੋਕਾਂ ਨੂੰ ਉਸਾਰੂ ਜੀਵਨ ਜਾਚ ਦੇ ਸਨਮੁੱਖ ਕੀਤਾ। ਇਹੀ ਕਾਰਨ ਸੀ ਕਿ ਗੁਰੂ ਸਾਹਿਬ ਦੇ ਵਿਚਾਰਾਂ ਨੂੰ ਲੋਕਾਂ ਨੇ ਪ੍ਰਵਾਨ ਕੀਤਾ।

ਅਖ਼ੀਰ 'ਚ ਕਹਾਂਗਾ ਕਿ ਗੁਰੂ ਸਾਹਿਬ ਦੀ ਵਿਚਾਰਧਾਰਾ ਸਦਾ ਨਿਵੇਕਲੀ ਹੈ, ਜਿਸ ਨੂੰ ਸਿੱਖਾਂ ਤੋਂ ਇਲਾਵਾ ਦੁਨੀਆ ਭਰ ਦੇ ਹਰ ਧਰਮ, ਵਰਗ, ਫ਼ਿਰਕੇ ਨਾਲ ਸਬੰਧਤ ਲੋਕ ਸਤਿਕਾਰਦੇ ਹਨ ਤੇ ਅਗਾਂਹ ਵੀ ਸਤਿਕਾਰਦੇ ਰਹਿਣਗੇ। •

ਗੁਰੂ ਨਾਨਕ ਦੇਵ ਜੀ ਦਾ ਵਿਅਕਤਿਤਵ



ਪ੍ਰਕਾਸ਼ ਪੁਰਬ 'ਤੇ ਵਿਸ਼ੇਸ਼



ਪ੍ਰੋ. ਨਵਰੂਪ ਕੌਰ ਮਾਗੋ
98784-55044

ਗੁਰੂ ਨਾਨਕ ਦੇਵ ਜੀ ਇਕ ਮਹਾਨ ਧਰਮ-ਸੁਧਾਰਕ, ਮਹਾਨ ਦੇਸ਼ ਭਗਤ, ਨਖਿੱਧ ਪਰੰਪਰਾਵਾਂ ਦੇ ਵਿਰੋਧੀ ਤੇ ਪ੍ਰਭਾਵਸ਼ਾਲੀ ਯੁੱਗ ਪੁਰਸ਼ ਹਨ। ਉਨ੍ਹਾਂ ਦੀ ਬਾਣੀ ਵਿਸ਼ਾਲ ਜੀਵਨ ਤਜਰਬੇ ਤੇ ਅਧਿਐਨ, ਅਧਿਆਤਮਕ ਰਸ ਨਾਲ ਭਰਪੂਰ ਅਥਾਹ ਸਾਗਰ ਦੀ ਤਰ੍ਹਾਂ ਹੈ, ਜਿਸ ਦੀ ਥਾਹ ਪਾ ਸਕਣਾ ਮਨੁੱਖੀ ਬੁੱਧੀ ਖੇਤਰ ਤੋਂ ਬਾਹਰ ਹੈ। ਭਾਈ ਗੁਰਦਾਸ ਜੀ ਨੇ ਉਨ੍ਹਾਂ ਦੇ ਜਨਮ ਬਾਰੇ ਲਿਖਦੇ ਹਨ :

ਸਤਿਗੁਰੁ ਨਾਨਕ ਪਰਗਟਿਆ
ਮਿਟੀ ਧੁੰਦ ਜਗ ਚਾਨਣ ਹੋਆ॥
ਜਿਉ ਕਰ ਸੂਰਜ ਨਿਕਲਿਆ
ਤਾਰੇ ਛਪਿ ਅੰਧੇਰ ਪਲੋਆ॥

ਉਸ ਵੇਲੇ ਧਾਰਮਿਕ ਵਹਿਮ-ਭਰਮ, ਸਮਾਜਿਕ ਅਧੋਗਤੀ, ਸੱਭਿਆਚਾਰਕ ਗਿਰਾਵਟ, ਆਰਥਿਕ ਮੰਦਹਾਲੀ ਤੇ ਰਾਜਨੀਤਿਕ ਅਨਿਆਂ ਸਿਖ਼ਰ 'ਤੇ ਸਨ। ਧਰਮ 'ਖੰਭ' ਲਾ ਕੇ ਉੱਡ ਗਿਆ ਸੀ। ਧਾਰਮਿਕ ਆਗੂ 'ਸਿੱਧ' ਮਾਤ ਲੋਕ ਨੂੰ ਛੱਡ ਕੇ ਸੁਮੇਰ ਪਰਬਤ 'ਤੇ ਜਾ ਲੁਕੇ ਸਨ ਤੇ ਕਾਜ਼ੀ 'ਰਿਸ਼ਵਤੀ' ਹੋ ਚੁੱਕੇ ਸਨ। ਸਮਾਜ ਦੋ ਭਾਗਾਂ 'ਚ ਵੰਡਿਆ ਹੋਇਆ ਸੀ - ਹਿੰਦੂ ਤੇ ਮੁਸਲਮਾਨ। ਹਿੰਦੂ ਉਚ-ਨੀਚ ਦੇ ਆਧਾਰ 'ਤੇ ਆਪਸ 'ਚ ਪਾਟੇ ਹੋਏ ਸਨ। ਮੁਸਲਮਾਨ ਹਾਕਮ ਵਰਗ ਵਿੱਚੋਂ ਸਨ ਪਰ ਇਨ੍ਹਾਂ ਵਿਚ ਕੇਵਲ ਰਾਜ-ਕਾਜ ਨਾਲ ਸਬੰਧਤ ਮੌਲਵੀ ਹੀ ਸੁਖੀ ਸਨ, ਬਾਕੀ ਤਾਂ ਜੂਨ ਭੋਗ ਰਹੇ ਸਨ। ਹਿੰਦੂ ਆਪਣੇ ਸੱਭਿਆਚਾਰ ਨੂੰ ਭੁੱਲ ਕੇ 'ਅਭਾਖਿਆ ਦਾ ਕੁੱਠਾ ਬੱਕਰਾ' ਖਾ ਰਹੇ ਸਨ। ਉਹ 'ਨੀਲੇ ਬਸਤਰ' ਪਾ ਕੇ ਤੇ ਫ਼ਾਰਸੀ ਬੋਲੀ ਬੋਲ ਕੇ ਰਾਜ ਦਰਬਾਰ 'ਚ ਪ੍ਰਵਾਨ ਹੋ ਰਹੇ ਸਨ। ਮਲਕ ਭਾਗੋ ਤੇ ਦੁਨੀ ਚੰਦ ਜਿਹੇ ਪੂੰਜੀਪਤੀ ਗ਼ਰੀਬਾਂ ਦਾ ਖ਼ੂਨ ਚੂਸ ਰਹੇ ਸਨ। 'ਰਾਜੇ ਸ਼ੀਹ' ਤੇ 'ਮੁਕੱਦਮ ਕੁੱਤੇ' ਬਣ ਚੁੱਕੇ ਸਨ। ਉਹ ਕਸਾਈ ਬਣ ਕੇ 'ਕਲ ਕਾਤੀ' ਦੁਆਰਾ ਜਨਤਾ ਦੇ ਗਲ਼ ਕੱਟ ਰਹੇ ਸਨ। ਅਜਿਹੀ ਹਾਲਤ ਨੂੰ ਗੁਰੂ ਸਾਹਿਬ ਨੇ ਅੰਤਰ ਧਿਆਨ ਹੋ ਕੇ ਵੇਖਿਆ :

ਬਾਬਾ ਦੇਖੈ ਧਿਆਨ ਧਰਿ
ਜਲਤੀ ਸਭਿ ਪ੍ਰਿਥਵੀ ਦਿਸਿ ਆਈ॥ (ਭਾਈ ਗੁਰਦਾਸ ਜੀ)

ਗੁਰੂ ਸਾਹਿਬ ਦੇ ਖ਼ਾਨਦਾਨੀ ਖ਼ਾਕੇ ਤੇ ਨਜ਼ਰ ਮਾਰਿਆਂ ਪਤਾ ਲੱਗਦਾ ਹੈ ਕਿ ਆਪ ਕੌਰਵਾਂ-ਪਾਂਡਵਾਂ ਦੇ ਵੇਲੇ ਰਾਜਾ ਭੋਜ ਦੇ ਖ਼ਾਨਦਾਨ ਵਿੱਚੋਂ ਸਨ। ਮਹਿਮੂਦ ਗਜ਼ਨਵੀ ਸਮੇਂ ਇਸ ਰਾਜੇ ਦੇ ਖ਼ਾਨਦਾਨ ਵਿੱਚੋਂ ਨਾਥ ਜੀ ਬੇਦੀ ਹੋਏ, ਜਿਨ੍ਹਾਂ ਦੇ ਸਪੁੱਤਰ ਰਾਮ ਨਰਾਇਣ ਬੇਦੀ ਦੇ ਘਰ ਸ਼ਿਵ ਰਾਮ ਦਾਸ ਜਨਮੇ। ਸ਼ਿਵ ਰਾਮ ਦਾਸ ਜੀ ਦੇ ਅੱਗੋਂ ਦੋ ਲੜਕੇ ਕਾਲੂ ਚੰਦ ਤੇ ਲਾਲੂ ਚੰਦ ਹੋਏ ਤੇ ਮਹਿਤਾ ਕਾਲੂ ਚੰਦ ਜੀ ਦੇ ਘਰ ਆਪ ਨੇ ਅਵਤਾਰ ਧਾਰਿਆ।

ਮੁੱਢਲਾ ਜੀਵਨ

ਆਪ ਮਾਪਿਆਂ ਦੇ ਇਕਲੌਤੇ ਪੁੱਤਰ ਸਨ। ਆਪ ਦੀ ਇਕ ਭੈਣ ਬੇਬੇ ਨਾਨਕੀ ਜੀ ਸਨ, ਜੋ ਆਪ ਨਾਲੋਂ 5 ਸਾਲ ਵੱਡੇ ਸੀ। ਆਪ ਨੇ ਛੋਟੀ ਉਮਰ 'ਚ ਹੀ ਆਪਣੇ ਅਧਿਆਪਕਾਂ ਪੰਡਤ ਗੁਪਾਲ ਦਾਸ (ਹਿੰਦੀ), ਪੰਡਤ ਬਿਰਧ ਨਾਥ (ਸੰਸਕ੍ਰਿਤ) ਤੇ ਮੌਲਵੀ ਕੁਤਬਦੀਨ (ਫ਼ਾਰਸੀ ਦੇ) ਨੂੰ ਅਦੁੱਤੀ ਪ੍ਰਤਿਭਾ ਦੁਆਰਾ ਹੈਰਾਨ ਕਰ ਦਿੱਤਾ। ਆਪ ਨੇ 9 ਸਾਲ ਦੀ ਉਮਰ ਵਿਚ ਪੰਡਤ ਹਰਦਿਆਲ ਨੂੰ ਜੀਵਨ-ਅੰਮ੍ਰਿਤ ਪ੍ਰਦਾਨ ਕਰਨ ਵਾਲੀ ਜਨੇਊ ਪਾਉਣ ਲਈ ਕਿਹਾ :

ਦਇਆ ਕਪਾਹ, ਸੰਤੋਖ ਸੂਤ, ਜਤ ਗੰਢੀ, ਸਤ ਵਟ॥
ਏਹੁ ਜਨੇਊ ਜੀਅ ਕਾ, ਹਈ ਤਾਂ ਪਾਂਡੇ ਘੱਤੁ॥

ਆਪ ਬਚਪਨ ਤੋਂ ਨਾਮ ਖ਼ੁਮਾਰੀ 'ਚ ਮਸਤ ਰਹਿਣ ਲੱਗੇ। ਮੱਝਾਂ ਚਰਦੀਆਂ ਰਹਿੰਦੀਆਂ, ਆਪ ਮਸਤ ਪਏ ਰਹਿੰਦੇ, ਸੱਪ ਛਾਂ ਕਰਦੇ ਤਾਂ ਜੋ ਆਪ ਨੂੰ ਧੁੱਪ ਦਾ ਤਾਅ ਨਾ ਲੱਗੇ। ਮੱਝਾਂ ਲੋਕਾਂ ਦੇ ਖੇਤ ਉਜਾੜਦੀਆਂ, ਆਪ ਨਿਰੰਕਾਰ ਨਾਲ ਲਿਵ ਲਾਈ ਰੱਖਦੇ, ਉਹੀ (ਨਿਰੰਕਾਰ) ਖੇਤਾਂ ਨੂੰ ਮੁੜ ਹਰਾ ਵੀ ਕਰ ਦੇਂਦਾ। ਆਪ ਦੀ ਵਧ ਰਹੀ ਵੈਰਾਗਮਈ ਅਵਸਥਾ ਨੂੰ ਨਾ ਸਮਝਦਿਆਂ ਵੈਦਾਂ ਨੇ ਦੁਆ-ਦਾਰੂ ਦੁਆਰਾ ਟਿੱਲ ਲਾਇਆ ਪਰ ਰੋਗ ਆਤਮਿਕ ਸੀ, ਸਰੀਰਕ ਹੁੰਦਾ ਤਾਂ ਦਵਾਈ ਕਾਟ ਕਰਦੀ। ਅੰਤ, ਆਪ ਨੂੰ ਬਟਾਲੇ ਦੇ ਬਾਬਾ ਮੂਲ ਚੰਦ ਦੀ ਲੜਕੀ ਨਾਲ ਵਿਆਹ ਦਿੱਤਾ ਗਿਆ। ਇਸ ਤਰ੍ਹਾਂ ਆਪ ਦੀ ਜ਼ਿੰਮੇਵਾਰੀ ਜ਼ਰੂਰ ਵਧ ਗਈ ਪਰ ਆਪ ਵਿਚ ਦੁਨੀਆਦਾਰੀ ਨਾ ਆਈ।

ਇਕ ਵਾਰ ਆਪ ਵੀਹ ਰੁਪਏ ਲੈ ਕੇ ਚੂਹੜਕਾਣੇ ਵਪਾਰ ਲਈ ਗਏ। ਰਸਤੇ 'ਚ ਭੁੱਖੇ ਸਾਧੂਆਂ ਨੂੰ ਖੁਆ ਕੇ ਸੱਚਾ-ਸੁੱਚਾ ਵਪਾਰ ਕਰ ਆਏ। ਆਪ ਦੇ ਘਰ ਦੋ ਸਾਹਿਬਜ਼ਾਦੇ-ਸ੍ਰੀਚੰਦ ਤੇ ਲਖਮੀ ਦਾਸ ਹੋਏ। ਆਪ ਨੂੰ ਭਾਈਆ ਜੈ ਰਾਮ ਜੀ ਦੇ ਕਹਿਣ 'ਤੇ ਨਵਾਬ ਦੌਲਤ ਖ਼ਾਨ ਦਾ ਮੋਦੀ ਬਣਾਇਆ ਗਿਆ। ਆਪ ਇੱਥੋਂ ਮਿਲਦੀ ਤਨਖ਼ਾਹ ਨਾਲ ਗੁਜ਼ਾਰਾ ਕਰਦੇ ਤੇ ਅਲੂਫ਼ੇ (ਕਟੋਤੀ) ਨੂੰ ਮੋਦੀਖ਼ਾਨੇ 'ਚ ਹੀ, ਗ਼ਰੀਬ ਗੁਰਬਿਆਂ ਨੂੰ ਦਾਨ ਦੇਣ ਲਈ ਪਿਆ ਰਹਿਣ ਦਿੰਦੇ। ਇਕ ਵਾਰੀ ਅਨਾਜ ਤੋਲਦੇ-ਤੋਲਦੇ ਜਦ ਤੇਰਾਂ ਦੀ ਧਾਰਨਾ 'ਤੇ ਪੁੱਜੇ ਤਾਂ ਆਪ ਦੀ ਸੁਰਤਿ 'ਤੇਰਾ-ਤੇਰਾ' ਕਰਨ ਲੱਗ ਪਈ। ਆਪ ਨੇ ਕਈ ਧਾਰਨਾ ਤੋਲ ਛੱਡੀਆਂ। ਦੋਖੀਆਂ ਨੇ ਸੁਲਤਾਨ ਅੱਗੇ ਸ਼ਿਕਾਇਤ ਕੀਤੀ। ਮੋਦੀਖ਼ਾਨੇ 'ਚ ਪਏ ਮਾਲ ਦੀ ਪੜਤਾਲ ਹੋਈ, ਮਾਲ ਵੱਧ ਨਿਕਲਿਆ ਕਿਉਂਕਿ ਅਲੂਫ਼ੇ ਦੀ ਜਿਨਸ ਵੀ ਵਿਚ ਹੀ ਪਈ ਹੋਈ ਸੀ। ਇਸ ਘਟਨਾ ਨੇ ਗੁਰੂ ਜੀ ਦੇ ਜੀਵਨ 'ਚ ਇਕ ਮੋੜ ਲਿਆਂਦਾ। ਆਪ ਨੇ ਵੇਈਂ 'ਚ ਇਸ਼ਨਾਨ ਲਈ ਡੁੱਬੀ ਮਾਰੀ, ਤਿੰਨ ਦਿਨ ਅਲੋਪ ਰਹੇ। ਮਾਨੋਂ, ਡੁੱਬੀ ਮਾਰਦਿਆਂ ਆਪ ਤੇ ਉਹ ਦਿਨ ਆਇਆ ਜੋ ਮਹਾਤਮਾ ਬੁੱਧ ਲਈ ਗਯਾ ਵਿਚ, ਹਜ਼ਰਤ ਮੂਸਾ ਹੁਰਾਂ ਲਈ ਕੋਹਤੂਰ ਤੇ ਹਜ਼ਰਤ ਈਸਾ ਲਈ ਦਰਿਆ ਜਾਰਡਨ 'ਤੇ ਆਇਆ ਸੀ।

ਗੁਰੂ ਨਾਨਕ ਦੇਵ ਜੀ ਸਬੰਧੀ ਅਨੇਕਾਂ ਗ੍ਰੰਥ ਰਚੇ ਗਏ ਪਰ ਉਨ੍ਹਾਂ ਦੇ ਵਿਅਕਤਿਤਵ ਨੂੰ ਸਮਝਣ ਲਈ, ਉਨ੍ਹਾਂ ਦੀ ਮਹਾਨਤਾ ਦੀ ਥਾਹ ਪਾਉਣ ਲਈ, ਉਨ੍ਹਾਂ ਦੀ ਬਾਣੀ 'ਚ ਆਏ ਰੂਪਕਾਂ ਦਾ ਅਧਿਐਨ ਕਰਨਾ ਬਹੁਤ ਜ਼ਰੂਰੀ ਹੈ। ਡਾ. ਕਾਲਾ ਸਿੰਘ ਬੇਦੀ ਪੁਸਤਕ 'ਗੁਰੂ ਨਾਨਕ ਭਾਸ਼ਾ' 'ਚ ਲਿਖਦੇ ਹਨ : "ਜੇ ਕ੍ਰਿਸ਼ਨ ਜੀ ਦੀ ਸੱਚੀ ਤਸਵੀਰ ਦੇਖਣੀ ਹੋਵੇ ਤ

ਨਵੇਂ ਥਾਪੇ ਸ਼੍ਰੋਮਣੀ ਅਕਾਲੀ ਦਲ ਸਮਾਣਾ ਤੋਂ ਅਬਜਰਵਰ ਲੰਗ ਨੂੰ ਕੀਤਾ ਗਿਆ ਸਨਮਾਨਤ

ਪਾਰਟੀ ਸੁਪਰੀਮੋ ਬਾਦਲ ਦੀ ਅਗਵਾਈ 'ਚ ਬਣੇਗੀ ਸਰਕਾਰ : ਲੰਗ, ਹਰਿਆਊ

ਪਟਿਆਲਾ, 20 ਨਵੰਬਰ
ਅਮਰਜੀਤ ਸਿੰਘ
-ਕੌਮੀ ਪੱਤ੍ਰਿਕਾ ਬਿਊਰੋ-

ਸ਼੍ਰੋਮਣੀ ਅਕਾਲੀ ਦਲ ਵੱਲੋਂ ਸੂਬੇ ਅੰਦਰ 2027 ਦੀਆ ਵਿਧਾਨ ਸਭਾ ਚੋਣਾਂ ਨੂੰ ਦੇਖਦੇ ਹੋਏ ਪਾਰਟੀ ਅੰਦਰ ਮਿਹਨਤੀ ਅਤੇ ਕੰਮ ਕਰਨ ਵਾਲੇ ਨੌਜਵਾਨਾਂ ਨੂੰ ਨਵੇਂ ਅਹੁਦੇ ਦੇ ਕੇ ਨਿਯੁਕਤ ਕੀਤਾ ਜਾ ਰਿਹਾ ਇਸੇ ਅਨੁਸਾਰ ਸਮਾਣਾ ਹਲਕੇ ਵਿੱਚ ਨਵੇਂ ਥਾਪੇ ਅਬਜਰਵਰ ਅੰਮ੍ਰਿਤਪਾਲ ਸਿੰਘ ਲੰਗ ਨੂੰ ਸ਼੍ਰੋਮਣੀ ਅਕਾਲੀ ਦਲ ਸਮਾਣਾ ਹਲਕਾ ਇੰਚਾਰਜ ਜਗਮੀਤ ਸਿੰਘ ਹਰਿਆਊ ਦੀ ਅਗਵਾਈ ਹੇਠ ਅਕਾਲੀ ਵਰਕਰਾਂ ਤੇ ਆਗੂਆਂ ਨੇ ਸਨਮਾਨਿਤ ਕੀਤਾ ਜਿੱਥੇ ਜਗਮੀਤ ਸਿੰਘ ਹਰਿਆਊ ਤੇ ਅੰਮ੍ਰਿਤਪਾਲ ਸਿੰਘ



ਲੰਗ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਸੂਬੇ ਅੰਦਰ ਮੁੜ ਤੋਂ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਬਣਨਾ ਤੈ ਹੈ ਲਿਹਾਜਾ ਪੰਜਾਬ ਦੇ ਲੋਕ ਪਾਰਟੀ ਸੁਪਰੀਮੋ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਫਤਵਾ ਦੇਣ ਲਈ ਤਿਆਰ ਬਰ ਤਿਆਰ ਬੈਠੇ ਹਨ ਉਹਨਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਇਕ ਅਜਿਹੀ ਪਾਰਟੀ ਹੈ ਜੋ ਪੰਜਾਬ ਦੀ ਖੇਤਰੀ ਪਾਰਟੀ ਵਜੋਂ ਪੰਜਾਬ ਦੇ ਮੁੱਦਿਆਂ ਦੀ ਗੱਲ ਕਰਦੀ ਹੈ। ਹੋਰਨਾਂ ਪਾਰਟੀਆਂ ਕੋਲ ਇਸ ਦਾ ਕੋਈ ਤੋੜ ਨਹੀਂ ਹੁਣ ਪੰਜਾਬ ਦੇ ਲੋਕਾਂ ਨੇ ਵੀ ਮਨ ਬਣਾ ਲਿਆ ਹੈ ਕਿ ਸ਼੍ਰੋਮਣੀ ਅਕਾਲੀ ਦਲ ਨੂੰ ਮੁੜ ਤੋਂ ਪੰਜਾਬ ਅੰਦਰ ਸਤਾ ਵਿੱਚ ਲਿਆ ਕੇ ਲੋਕਾਂ ਦੀ ਸਰਕਾਰ ਬਣਾਉਣ ਉਤਾਵਲੇ ਹਨ ਉਹਨਾਂ ਕਿਹਾ ਕਿ ਪੰਜਾਬ ਦੇ ਲੋਕੀ ਸ਼੍ਰੋਮਣੀ ਅਕਾਲੀ ਦਲ ਦੇ ਰਾਜ ਸਮੇਂ ਕੀਤੇ ਕਾਰਜਾਂ ਨੂੰ ਮੁੜ ਤੋਂ ਯਾਦ ਕਰ ਕਰਨ ਲੱਗ ਪਏ ਹਨ ਕਿਉਂਕਿ ਜੋ ਲੋਕ ਭਲਾਈ ਸਕੀਮਾਂ ਸ਼੍ਰੋਮਣੀ ਅਕਾਲੀ ਦਲ ਦੀ ਰਾਜ ਸਮੇਂ ਚਲਾਈਆਂ ਗਈਆਂ ਹਨ ਸਕੀਮਾਂ ਅੱਜ ਵੀ ਪੰਜਾਬ ਦੇ ਲੋਕ ਫਾਇਦਾ ਲੈ ਰਹੇ ਹਨ।

ਉਹਨਾਂ ਕਿਹਾ ਕਿ ਪੰਜਾਬ ਅੰਦਰ ਸ਼੍ਰੋਮਣੀ ਅਕਾਲੀ ਦਲ ਨੂੰ ਮਜਬੂਤ ਕਰਨ ਲਈ ਪੰਜਾਬ ਦਾ ਨੌਜਵਾਨ ਵਰਗ ਇੱਕ ਮੁੱਠ ਹੋ ਕੇ ਪਾਰਟੀ ਨਾਲ ਚਟਾਨ ਵਾਂਗ ਖੜਾ ਹੈ ਇਸ ਮੌਕੇ ਹੋਰਨਾਂ ਤੋਂ ਇਲਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਕੁਲਦੀਪ ਸਿੰਘ ਨੱਸੂਪੁਰ, ਗੋਪਾਲ ਸ਼ਰਮਾ, ਸ਼੍ਰੋਮਣੀ ਅਕਾਲੀ ਦਲ ਦੇ ਕੌਂਸਲ ਮੈਂਬਰ ਅਜੈਬ ਸਿੰਘ ਮੱਲੀ, ਮਲਕੀਤ ਸਿੰਘ ਧਰਮੇੜੀ, ਹੈਪੀ ਵਿਰਕ, ਗੁਰਦੇਵ ਸਿੰਘ, ਬਿਕਰਮਜੀਤ ਸਿੰਘ, ਹਰਮਨ ਸਿੰਘ, ਰਵੀ ਅਸਮਾਨਪੁਰ ,ਸਤੀਫ ਕੁਮਾਰ ਪੱਪੀ ਆਦਿ ਵੀ ਹਾਜ਼ਰ ਸਨ।

ਪਿੰਡ ਮੀਰਪੁਰ ਦੇ ਵਿਕਾਸ ਕਾਰਜਾਂ ਨੂੰ ਮਿਲੇਗੀ ਨਵੀਂ ਰਫ਼ਤਾਰ, ਵਿਧਾਇਕ ਦਿਨੇਸ਼ ਚੱਢਾ ਵੱਲੋਂ 5 ਲੱਖ ਦੀ ਗ੍ਰਾਂਟ ਜਾਰੀ



ਨੂਰਪੁਰਬੇਦੀ 20 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਹਲਕਾ ਵਿਧਾਇਕ ਐਡਵੋਕੇਟ ਦਿਨੇਸ਼ ਚੱਢਾ ਵੱਲੋਂ ਪਿੰਡਾਂ ਦੇ ਵਿਕਾਸ ਨੂੰ ਹੁਲਾਰਾ ਦੇਣ ਦੇ ਉਦੇਸ਼ ਨਾਲ ਲਗਾਤਾਰ ਗ੍ਰਾਂਟਾਂ ਜਾਰੀ ਕੀਤੀਆਂ ਜਾ ਰਹੀਆਂ ਹਨ। ਇਸੇ ਲੜੀ ਤਹਿਤ ਪਿੰਡ ਮੀਰਪੁਰ ਦੀ ਗ੍ਰਾਮ ਪੰਚਾਇਤ ਨੂੰ 5 ਲੱਖ ਰੁਪਏ ਦੀ ਗ੍ਰਾਂਟ ਪ੍ਰਦਾਨ ਕੀਤੀ ਗਈ।

ਗ੍ਰਾਂਟ ਦੀ ਰਾਸ਼ੀ ਦਾ ਚੈੱਕ ਵਿਧਾਇਕ ਦਿਨੇਸ਼ ਚੱਢਾ ਦੀ ਟੀਮ ਦੇ ਮੈਂਬਰ ਅਤੇ ਜ਼ਿਲ੍ਹਾ ਪਰਿਸ਼ਦ ਦੇ ਵਾਈਸ ਚੇਅਰਮੈਨ ਦੇਸਰਾਜ ਸੈਣੀ ਅਤੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੇ ਵਿਧਾਨ ਸਭਾ ਹਲਕਾ ਰੋਪੜ ਦੇ ਕੋਆਰਡੀਨੇਟਰ ਸਰਪੰਚ ਅਵਤਾਰ ਸਿੰਘ ਕੁੰਨਰ ਵੱਲੋਂ ਪਿੰਡ ਦੀ ਸਰਪੰਚ ਰਿਕੂ ਮੀਰਪੁਰ ਅਤੇ ਸਮੁੱਚੇ ਪੰਚਾਇਤ ਮੈਂਬਰਾਂ ਨੂੰ ਸੌਂਪਿਆ ਗਿਆ।

ਇਸ ਮੌਕੇ ਦੇਸਰਾਜ ਸੈਣੀ ਨੇ ਕਿਹਾ ਕਿ ਵਿਧਾਇਕ ਦਿਨੇਸ਼ ਚੱਢਾ ਵੱਲੋਂ ਹਲਕੇ ਦੇ ਪਿੰਡਾਂ ਵਿੱਚ ਬੁਨਿਆਦੀ ਸਹੂਲਤਾਂ ਦਾ ਵਿਸਥਾਰ ਕਰਨ ਅਤੇ ਲੋਕਾਂ ਦੀਆਂ ਲੋੜਾਂ ਮੁਤਾਬਕ ਵਿਕਾਸ ਕਾਰਜ ਕਰਵਾਉਣ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਪਿੰਡਾਂ ਦੀ ਖੁਸ਼ਹਾਲੀ ਅਤੇ ਤਰੱਕੀ ਹੀ ਹਲਕੇ ਦੇ ਸਰਵਪੱਖੀ ਵਿਕਾਸ ਦੀ ਨੀਂਹ ਹੈ।

ਉਨ੍ਹਾਂ ਪੰਚਾਇਤ ਨੂੰ ਅਪੀਲ ਕੀਤੀ ਕਿ ਗ੍ਰਾਂਟ ਦੀ ਰਾਸ਼ੀ ਲੋਕ ਹਿੱਤਾਂ ਨੂੰ ਮੁੱਖ ਰੱਖਦਿਆਂ ਪਾਰਦਰਸ਼ੀ ਢੰਗ ਨਾਲ ਵਿਕਾਸ ਕਾਰਜਾਂ 'ਤੇ ਖਰਚ ਕੀਤੀ ਜਾਵੇ।

ਸਰਪੰਚ ਅਵਤਾਰ ਸਿੰਘ ਕੁੰਨਰ ਨੇ ਕਿਹਾ ਕਿ ਵਿਧਾਇਕ ਦਿਨੇਸ਼ ਚੱਢਾ ਪਿੰਡਾਂ ਦੀਆਂ ਸਮੱਸਿਆਵਾਂ ਦੇ ਹੱਲ ਅਤੇ ਵਿਕਾਸ ਕਾਰਜਾਂ ਨੂੰ ਨੇਪਰੇ ਚਾੜ੍ਹਨ ਲਈ ਲਗਾਤਾਰ ਯਤਨਸ਼ੀਲ ਹਨ।

ਮੀਰਪੁਰ ਪਿੰਡ ਨੂੰ ਮਿਲੀ ਇਹ ਗ੍ਰਾਂਟ ਵਿਕਾਸ ਦੇ ਕੰਮਾਂ ਨੂੰ ਹੋਰ ਤੇਜ਼ ਕਰਨ ਵਿੱਚ ਸਹਾਈ ਸਿੱਧ ਹੋਵੇਗੀ।

ਅੰਤ ਵਿੱਚ ਸਰਪੰਚ ਰਿੰਕੂ ਮੀਰਪੁਰ ਅਤੇ ਪੰਚਾਇਤ ਦੇ ਸਮੂਹ ਮੈਂਬਰਾਂ ਨੇ ਵਿਧਾਇਕ ਦਿਨੇਸ਼ ਚੱਢਾ ਦਾ ਧੰਨਵਾਦ ਕਰਦਿਆਂ ਕਿਹਾ ਕਿ ਪ੍ਰਾਪਤ ਹੋਈ ਗ੍ਰਾਂਟ ਦੀ ਵਰਤੋਂ ਪਿੰਡ ਦੇ ਸਾਂਝੇ ਵਿਕਾਸ ਕਾਰਜਾਂ ਲਈ ਸੁਚੱਜੇ ਢੰਗ ਨਾਲ ਕੀਤੀ ਜਾਵੇਗੀ।

ਪੀ.ਐਮ. ਸ਼੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪਬਰੀ ਵਿਖੇ ਸਾਲਾਨਾ ਇਨਾਮ ਵੰਡ ਸਮਾਰੋਹ ਸ਼ਾਨੋ-ਸ਼ੌਕਤ ਨਾਲ ਕਰਵਾਇਆ



ਪਬਰੀ (ਪਟਿਆਲਾ), 6 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੀ.ਐਮ. ਸ਼੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪਬਰੀ ਵਿਖੇ ਸਾਲਾਨਾ ਇਨਾਮ ਵੰਡ ਸਮਾਰੋਹ ਬੜੇ ਉਤਸ਼ਾਹ ਅਤੇ ਸ਼ਾਨੋ-ਸ਼ੌਕਤ ਨਾਲ ਕਰਵਾਇਆ ਗਿਆ। ਸਮਾਗਮ ਦੀ ਸ਼ੁਰੂਆਤ ਸਕੂਲ ਦੇ ਪ੍ਰਿੰਸੀਪਲ ਮਨਦੀਪ ਸਿੰਘ ਚੀਮਾ ਵੱਲੋਂ ਸ਼ਮ੍ਹਾਂ ਰੌਸ਼ਨ ਕਰਕੇ ਕੀਤੀ ਗਈ। ਇਸ ਮੌਕੇ ਵਿਸ਼ੇਸ਼ ਮਹਿਮਾਨ ਵਜੋਂ ਦਲਬੀਰ ਸਿੰਘ ਗਿੱਲ, ਜਸਵਿੰਦਰ ਸਿੰਘ, ਸਰਪੰਚ ਪਿੰਡ ਆਕੜੀ ਅਤੇ ਸਕੂਲ ਚੇਅਰਮੈਨ ਕੁਲਵੰਤ ਸਿੰਘ ਨੇ ਸਮਾਗਮ ਵਿੱਚ ਸ਼ਮੂਲੀਅਤ ਕੀਤੀ।

ਵਿਦਿਆਰਥੀਆਂ ਵੱਲੋਂ ਸ਼ਾਨਦਾਰ ਸੱਭਿਆਚਾਰਕ ਅਤੇ ਰੰਗਾਰੰਗ ਪੇਸ਼ਕਾਰੀਆਂ ਦਿੱਤੀਆਂ ਗਈਆਂ। ਇਨ੍ਹਾਂ ਵਿੱਚ ਸਵਾਗਤੀ ਗੀਤ, ਛੇਵੀਂ ਜਮਾਤ ਦੀਆਂ ਵਿਦਿਆਰਥਣਾਂ ਵੱਲੋਂ ਨਾਰੀ ਸ਼ਕਤੀ, ਛੇਵੀਂ ਜਮਾਤ ਦੇ ਵਿਦਿਆਰਥੀਆਂ ਵੱਲੋਂ ਮੋਬਾਈਲ ਦੀ ਲਤ, ਨੌਵੀਂ ਜਮਾਤ (ਸੀ) ਵੱਲੋਂ ਵਿਰਿਆਨ ਅਤੇ ਅੰਧਵਿਸ਼ਵਾਸ ਨਾਲ ਸਬੰਧਤ ਪੇਸ਼ਕਾਰੀ, ਅੱਠਵੀਂ ਜਮਾਤ ਦਾ ਪੰਜਾਬੀ ਲੋਕ ਨਾਚ, ਮਾਈਮ, ਭੰਗੜਾ, ਦਸਵੀਂ ਜਮਾਤ (ਏ ਅਤੇ ਬੀ) ਦਾ ਨਾਚ, ਕੋਰੀਓਗ੍ਰਾਫੀ ਅਤੇ ਗਿੱਧਾ ਵਿਸ਼ੇਸ਼ ਖਿੱਚ ਦਾ ਕੇਂਦਰ ਰਹੇ। ਵਿਦਿਆਰਥੀਆਂ ਨੇ ਆਪਣੀ ਕਲਾ ਅਤੇ ਪ੍ਰਤਿਭਾ ਦਾ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਹਾਜ਼ਰੀਨ ਦਾ ਮਨ ਮੋਹ ਲਿਆ।

ਸਮਾਰੋਹ ਦੀ ਇੱਕ ਹੋਰ ਵਿਸ਼ੇਸ਼ ਖਿੱਚ ਸਕੂਲ ਦੇ ਸਾਬਕਾ ਵਿਦਿਆਰਥੀਆਂ ਦੀ ਸ਼ਮੂਲੀਅਤ ਰਹੀ। ਇਸ ਮੌਕੇ ਲਖਵੀਰ ਸਿੰਘ, ਬਲਵੀਰ ਸਿੰਘ, ਜਸਵੰਤ ਸਿੰਘ, ਦਲਬੀਰ ਸਿੰਘ, ਗੁਰਵਿੰਦਰ ਸਿੰਘ, ਹਰਦੀਪ ਸਿੰਘ, ਅੰਜੂ ਰਾਣੀ, ਸੁਰਜੀਤ ਸਿੰਘ, ਗੁਰਜੰਟ ਸਿੰਘ, ਇੰਜ. ਰਣਜੀਤ ਸਿੰਘ ਢਿੱਲੋਂ, ਕੋਮਲਦੀਪ ਕੌਰ, ਅਦਿੱਤਿਆ ਰਾਣਾ, ਅੰਮ੍ਰਿਤਪਾਲ ਸਿੰਘ ਅਤੇ ਅਮਨਪ੍ਰੀਤ ਸਿੰਘ ਵਿਸ਼ੇਸ਼ ਤੌਰ 'ਤੇ ਸਮਾਗਮ ਵਿੱਚ ਪਹੁੰਚੇ। ਇਹ ਸਾਬਕਾ ਵਿਦਿਆਰਥੀ ਅੱਜ ਭਾਰਤੀ ਫ਼ੌਜ, ਪੰਜਾਬ ਪੁਲਿਸ, ਪੀ.ਐੱਸ.ਪੀ.ਸੀ.ਐੱਲ., ਸਿਹਤ ਵਿਭਾਗ, ਮਾਲ ਵਿਭਾਗ ਅਤੇ ਹੋਰ ਵੱਖ-ਵੱਖ ਸਰਕਾਰੀ ਵਿਭਾਗਾਂ ਵਿੱਚ ਆਪਣੀਆਂ ਸੇਵਾਵਾਂ ਨਿਭਾ ਰਹੇ ਹਨ। ਉਨ੍ਹਾਂ ਦੀ ਸਮਾਗਮ ਵਿੱਚ ਸ਼ਮੂਲੀਅਤ ਨੇ ਸਕੂਲ ਨਾਲ ਉਨ੍ਹਾਂ ਦੀ ਗੂੜ੍ਹੀ ਸਾਂਝ ਅਤੇ ਮੋਹ ਨੂੰ ਦਰਸਾਇਆ। ਉਨ੍ਹਾਂ ਦੀਆਂ ਪ੍ਰਾਪਤੀਆਂ ਮੌਜੂਦਾ ਵਿਦਿਆਰਥੀਆਂ ਲਈ ਪ੍ਰੇਰਨਾ ਦਾ ਸਰੋਤ ਬਣੀਆਂ।

ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਮਨਦੀਪ ਸਿੰਘ ਚੀਮਾ ਨੇ ਕਿਹਾ ਕਿ ਸਾਲਾਨਾ ਸਮਾਰੋਹ ਵਿਦਿਆਰਥੀਆਂ ਦੀ ਸਾਲ ਭਰ ਦੀ ਮਿਹਨਤ, ਪ੍ਰਾਪਤੀਆਂ ਅਤੇ ਪ੍ਰਤਿਭਾ ਨੂੰ ਸਨਮਾਨਿਤ ਕਰਨ ਦਾ ਮਹੱਤਵਪੂਰਨ ਮੌਕਾ ਹੁੰਦਾ ਹੈ। ਅਜਿਹੇ ਸਮਾਗਮ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ, ਆਤਮ-ਵਿਸ਼ਵਾਸ ਅਤੇ ਸ਼ਖ਼ਸੀਅਤ ਨਿਰਮਾਣ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਨਾਲ-ਨਾਲ ਖੇਡਾਂ ਅਤੇ ਸਹਿ-ਵਿੱਦਿਅਕ ਗਤੀਵਿਧੀਆਂ ਵਿੱਚ ਵੀ ਵਧ-ਚੜ੍ਹ ਕੇ ਭਾਗ ਲੈਣ ਲਈ ਪ੍ਰੇਰਿਤ ਕੀਤਾ।

ਇਸ ਮੌਕੇ ਤੇ ਲੈਕਚਰਾਰ ਅਮਰੀਕ ਸਿੰਘ ਨੇ ਸਕੂਲ ਦੇ ਸਾਬਕਾ ਵਿਦਿਆਰਥੀਆਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਸਾਂਝੀ ਕੀਤੀ ਅਤੇ ਉਨ੍ਹਾਂ ਦੀਆਂ ਪ੍ਰਾਪਤੀਆਂ ਦੀ ਸ਼ਲਾਘਾ ਕੀਤੀ। ਮਾਸਟਰ ਅਕਸ਼ੈ ਕੁਮਾਰ ਨੇ ਸਮਾਗਮ ਵਿੱਚ ਪਹੁੰਚੇ ਮਹਿਮਾਨਾਂ ਬਾਰੇ ਜਾਣਕਾਰੀ ਦਿੰਦਿਆਂ ਉਨ੍ਹਾਂ ਦਾ ਸਵਾਗਤ ਕੀਤਾ।

ਇਸ ਮੌਕੇ ਮਾਸਟਰ ਵਿੱਕੀ ਸ਼ਰਮਾ ਅਤੇ ਮਾਸਟਰ ਸੰਦੀਪ ਸਿੰਘ ਬਾਜਵਾ ਨੇ ਬਹੁਤ ਹੀ ਸੁਰੀਲੇ ਅਤੇ ਖੂਬਸੂਰਤ ਗੀਤਾਂ ਦੀ ਪੇਸ਼ਕਾਰੀ ਕਰਕੇ ਸਮਾਗਮ ਵਿੱਚ ਸੰਗੀਤਕ ਰੰਗ ਭਰ ਦਿੱਤੇ ਅਤੇ ਹਾਜ਼ਰੀਨ ਦਾ ਮਨੋਰੰਜਨ ਕੀਤਾ।

ਨਗਰ ਨਿਗਮ ਪਟਿਆਲਾ ਦੇ 30 ਵਾਰਡਾਂ ਦੀਆਂ ਚੋਣਾਂ ਦੇ ਮੱਦੇਨਜ਼ਰ ਅਸਲਾ ਚੁੱਕਣ 'ਤੇ ਪਾਬੰਦੀ ਦੇ ਹੁਕਮ ਜਾਰੀ

ਪਟਿਆਲਾ, 20 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਨਗਰ ਨਿਗਮ ਪਟਿਆਲਾ ਦੇ 30 ਵਾਰਡਾਂ ਦੀਆਂ ਮੁੜ ਕਰਵਾਈਆਂ ਜਾ ਰਹੀਆਂ ਚੋਣਾਂ ਨੂੰ ਅਮਨ-ਅਮਾਨ, ਨਿਰਪੱਖ ਅਤੇ ਸ਼ਾਂਤੀਪੂਰਨ ਢੰਗ ਨਾਲ ਨੇਪਰੇ ਚੜ੍ਹਾਉਣ ਲਈ ਚੋਣ ਪ੍ਰਕਿਰਿਆ ਦੌਰਾਨ ਅਸਲਾ ਚੁੱਕਣ 'ਤੇ ਪਾਬੰਦੀ ਲਗਾਉਣ ਸਬੰਧੀ ਹੁਕਮ ਜਾਰੀ ਕੀਤੇ ਗਏ ਹਨ।

ਏਡੀਸੀ (ਦਿਹਾਤੀ ਵਿਕਾਸ)-ਕਮ-ਵਧੀਕ ਜ਼ਿਲ੍ਹਾ ਚੋਣ ਅਫ਼ਸਰ ਸ੍ਰੀ ਸੁਨੀਲ ਫੋਗਾਟ ਨੇ ਦੱਸਿਆ ਕਿ ਵਾਰਡ ਨੰਬਰ 1, 4, 6, 12, 14, 15, 16, 22, 26, 29, 32, 33, 34, 36, 37, 38, 40, 41, 43, 44, 45, 46, 48, 50, 51, 52, 53, 55, 57 ਅਤੇ 58 ਲਈ ਮੁੜ ਚੋਣਾਂ ਦੇ ਸਬੰਧੀ ਰਾਜ ਚੋਣ ਕਮਿਸ਼ਨ, ਪੰਜਾਬ ਵੱਲੋਂ ਜਾਰੀ ਹਦਾਇਤਾਂ ਦੀ ਪਾਲਣਾ ਕਰਦਿਆਂ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸਬੰਧਤ ਰਿਟਰਨਿੰਗ ਅਧਿਕਾਰੀਆਂ ਅਤੇ ਪੁਲਿਸ ਅਧਿਕਾਰੀਆਂ ਨੂੰ ਲੋੜੀਂਦੇ ਨਿਰਦੇਸ਼ ਜਾਰੀ ਕੀਤੇ ਗਏ ਹਨ।

ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸਬੰਧਤ ਅਧਿਕਾਰੀਆਂ ਨੂੰ ਇਨ੍ਹਾਂ ਹੁਕਮਾਂ ਦੀ ਇੰਨ-ਬਿੰਨ ਪਾਲਣਾ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ ਗਏ ਹਨ, ਤਾਂ ਜੋ ਚੋਣਾਂ ਦੌਰਾਨ ਕਿਸੇ ਵੀ ਅਣਸੁਖਾਵੀਂ ਘਟਨਾ ਨੂੰ ਰੋਕਿਆ ਜਾ ਸਕੇ ਅਤੇ ਵੋਟਰ ਬਿਨਾਂ ਕਿਸੇ ਡਰ ਜਾਂ ਦਬਾਅ ਦੇ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕਰ ਸਕਣ।

ਜ਼ਿਲ੍ਹਾ ਪ੍ਰਸ਼ਾਸਨ ਨੇ ਆਮ ਲੋਕਾਂ ਨੂੰ ਵੀ ਅਪੀਲ ਕੀਤੀ ਹੈ ਕਿ ਉਹ ਚੋਣ ਪ੍ਰਕਿਰਿਆ ਨੂੰ ਸ਼ਾਂਤੀਪੂਰਨ ਅਤੇ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਨ ਲਈ ਪ੍ਰਸ਼ਾਸਨ ਨੂੰ ਪੂਰਾ ਸਹਿਯੋਗ ਦੇਣ ਅਤੇ ਜਾਰੀ ਕੀਤੇ ਗਏ ਹੁਕਮਾਂ ਦੀ ਪਾਲਣਾ ਕਰਨ।

ਕਲਾਸ ਫੌਰਥ ਗੌਰਮਿੰਟ ਇੰਪਲਾਈਜ ਯੂਨੀਅਨ ਪੰਜਾਬ ਅਤੇ ਪੰਜਾਬ ਸੁਬਾਰਡੀਨੇਟ ਸਰਵਿਸਿਜ਼ (1680) ਦੇ ਮੁੱਖ ਆਗੂਆਂ ਦੀ ਮੀਟਿੰਗ ਯੂਨੀਅਨ ਦਫ਼ਤਰ ਵਿਖੇ ਆਯੋਜਿਤ



ਪਟਿਆਲਾ, 20 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਦੀ ਕਲਾਸ ਫੌਰਥ ਗੌਰਮਿੰਟ ਇੰਪਲਾਈਜ ਯੂਨੀਅਨ ਪੰਜਾਬ ਅਤੇ ਪੰਜਾਬ ਸੁਬਾਰਡੀਨੇਟ ਸਰਵਿਸਿਜ਼ (1680) ਦੇ ਮੁੱਖ ਆਗੂਆਂ ਦੀ ਮੀਟਿੰਗ ਯੂਨੀਅਨ ਦਫ਼ਤਰ ਵਿਖੇ ਹੋਈ। ਮੀਟਿੰਗ ਦੀ ਅਗਵਾਈ ਰਾਜੇਸ਼ ਕੁਮਾਰ ਗੋਲੂ ਨੇ ਕੀਤੀ। ਮੀਟਿੰਗ ਵਿੱਚ ਮਿਤੀ 19-11-2026 ਨੂੰ ਸੰਗਰੂਰ ਵਿਖੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੇ ਚੱਲ ਰਹੇ ਮੋਰਚੇ ਵਿੱਚ ਸਾਥੀਆਂ ਨੂੰ ਸਿੱਧੇ ਤੌਰ ਤੇ ਆਪਣੇ ਆਪਣੇ ਵਹੀਕਲਾਂ ਰਾਹੀਂ ਡੀ ਸੀ ਦਫਤਰ ਸੰਗਰੂਰ ਵਿਖੇ ਪਹੁੰਚਣ ਦੀ ਮੁੜ ਅਪੀਲ ਕੀਤੀ ਗਈ। ਇਸ ਤਰ੍ਹਾਂ ਸਿਹਤ ਵਿਭਾਗ ਦੇ ਕਾਮਿਆਂ ਦੀਆਂ ਮੰਗਾਂ ਆਊਟ ਸੋਰਸ , ਯੂਜ਼ਰ ਚਾਰਜੇਸ ਕਾਮਿਆਂ ਨੂੰ ਵਿਭਾਗ ਵਿੱਚ ਖਪਾਉਣ ਲਈ ਸਿਹਤ ਮੰਤਰੀ, ਸਿਹਤ ਸਕੱਤਰ ਅਤੇ ਹੋਰ ਉੱਚ ਅਧਿਕਾਰੀਆਂ ਨਾਲ ਕੀਤੀਆਂ ਗਈਆਂ ਮੀਟਿੰਗਾਂ ਤੇ ਫ਼ੈਸਲੇ ਖੇਤਰੀ ਅਧਿਕਾਰੀਆਂ ਵੱਲੋਂ ਲਾਗੂ ਨਾ ਕਰਨ ਸਬੰਧੀ ਮਿਤੀ 21-11-2026 ਦਿਨ ਸ਼ਨੀਵਾਰ ਨੂੰ ਸਿਹਤ ਮੰਤਰੀ ਦੀ ਰਿਹਾਇਸ਼ੀ ਪਟਿਆਲਾ ਵਿਖੇ 31 ਮੁਲਾਜ਼ਮ ਆਗੂਆਂ ਵਲੋਂ ਸਮੂਹਕ ਭੁੱਖ ਹੜਤਾਲ ਕੀਤੀ ਜਾਵੇਗੀ ਅਤੇ ਯਾਦ ਪੱਤਰ ਦਿੱਤਾ ਜਾਵੇਗਾ। ਇਸ ਮੀਟਿੰਗ ਵਿੱਚ ਪ੍ਰਮੁੱਖ ਆਗੂ ਸ਼ਾਮਲ ਹੋਏ ਉਹਨਾਂ ਵਿੱਚ ਦਰਸ਼ਨ ਸਿੰਘ ਲੁਬਾਣਾ, ਦੀਪ ਚੰਦ ਹੰਸ, ਅਜੇ ਕੁਮਾਰ, ਇੰਦਰਪਾਲ ਵਾਲੀਆ, ਧਰਮਿੰਦਰ, ਪ੍ਰਕਾਸ਼ ਸਿੰਘ ਲੁਬਾਣਾ, ਰਾਜੇਸ਼ ਗੋਲੂ, ਰਾਜੇਸ਼ ਸੀ.ਐਮ.ਓ., ਤਰਲੋਚਨ ਮਾਤੂ, ਪ੍ਰੇਮ ਚਾਵਲਾ, ਨਿਸ਼ਾ ਰਾਣੀ, ਹੈਪੀ ਸਨੌਰ, ਲਖਵੀਰ ਸਿੰਘ, ਹਰਜਿੰਦਰ ਸਿੰਘ, ਅਮਰਨਾਥ, ਬੁੱਧ ਰਾਮ, ਤਰਸੇਮ ਲਾਲ, ਸਤਨਾਮ ਸਿੰਘ, ਅਜੇ ਕੁਮਾਰ ਹੈਪੀ, ਆਦਿ ਹਾਜਰ ਸਨ।

20 ਨੁਕਾਤੀ ਮੰਗਾਂ ਸਬੰਧੀ ਡਾਸਫੀ ਨੇ ਕੱਢੀ ਸਮਾਜਿ

ਸੰਪਾਦਕੀ

ਸਰਕਾਰੀ ਕਰਮਚਾਰੀਆਂ ਅਤੇ ਨਿੱਜੀ ਅਪਰੇਟਰਾਂ ਵਿਚਕਾਰਲੇ ਚਿੰਤਾਜਨਕ ਗੱਠਜੋੜ

ਪੰਜਾਬ ਵਿੱਚ 2004-05 ਦੇ ਚੌਲ ਖ਼ਰੀਦ ਘੁਟਾਲੇ ਵਿੱਚ ਭਾਰਤੀ ਖ਼ੁਰਾਕ ਨਿਗਮ (ਐੱਫ ਸੀ ਆਈ) ਦੇ 14 ਅਧਿਕਾਰੀਆਂ ਸਮੇਤ 30 ਵਿਅਕਤੀਆਂ ਨੂੰ ਸਜ਼ਾ ਮਿਲਣਾ, ਸਰਕਾਰੀ ਕਰਮਚਾਰੀਆਂ ਅਤੇ ਨਿੱਜੀ ਅਪਰੇਟਰਾਂ ਵਿਚਕਾਰਲੇ ਚਿੰਤਾਜਨਕ ਗੱਠਜੋੜ ਨੂੰ ਬੇਨਕਾਬ ਕਰਦਾ ਹੈ। ਜਿਨ੍ਹਾਂ ਲੋਕਾਂ ਨੂੰ ਅਨਾਜ ਦੀ ਗੁਣਵੱਤਾ ਦੀ ਰੱਖਿਆ ਕਰਨ ਦੀ ਜ਼ਿੰਮੇਵਾਰੀ ਸੌਂਪੀ ਗਈ ਸੀ, ਉਨ੍ਹਾਂ ਉੱਤੇ ਦੋਸ਼ ਹੈ ਕਿ ਉਨ੍ਹਾਂ ਨੇ ਮਾਲੇਰਕੋਟਲਾ, ਸੁਨਾਮ ਅਤੇ ਤਪਾ ਦੇ ਖ਼ਰੀਦ ਕੇਂਦਰਾਂ ਵਿੱਚ ਘਟੀਆ ਕਿਸਮ ਦੇ ਅਨਾਜ ਨੂੰ 'ਏ-ਗ੍ਰੇਡ' ਚੌਲ ਵਜੋਂ ਪਾਸ ਕਰਨ ਲਈ ਰਾਈਸ ਮਿੱਲਰਾਂ ਨਾਲ ਮਿਲੀਭੁਗਤ ਕੀਤੀ। ਇਸ ਘੋਖਾਧੜੀ ਦਾ ਪਤਾ ਸਤੰਬਰ 2005 ਵਿੱਚ ਸੀ ਬੀ ਆਈ ਦੀ ਅਚਨਚੇਤ ਚੈਕਿੰਗ ਦੌਰਾਨ ਲੱਗਿਆ ਸੀ ਅਤੇ ਲੈਬਾਰਟਰੀ ਟੈਸਟਾਂ ਵਿੱਚ ਗੁਣਵੱਤਾ ਦੀਆਂ ਗੰਭੀਰ ਕੁਤਾਹੀਆਂ ਦੀ ਪੁਸ਼ਟੀ ਹੋਈ ਸੀ। ਪ੍ਰਬੰਧਕੀ ਨਾਕਾਮੀ ਦਾ ਇਹ ਪਸਾਰਾ ਬੇਹੱਦ ਚਿੰਤਾਜਨਕ ਹੈ। ਸਾਲ 2006 ਦੇ ਇੱਕ ਸੰਸਦੀ ਖ਼ੁਲਾਸੇ ਤੋਂ ਪਤਾ ਲੱਗਾ ਸੀ ਕਿ ਸੀ ਬੀ ਆਈ ਨੇ ਐੱਫ ਸੀ ਆਈ ਦੇ 83 ਅਧਿਕਾਰੀਆਂ ਅਤੇ 330 ਨਿੱਜੀ ਮਿੱਲਰਾਂ ਖ਼ਿਲਾਫ਼ ਤਿੰਨ ਕੇਸ ਦਰਜ ਕੀਤੇ ਸਨ। ਇਸ ਤੋਂ ਇਲਾਵਾ, ਕੈਗ (ਸੀ ਏ ਜੀ) ਦੇ ਇੱਕ ਆਡਿਟ ਵਿੱਚ ਸਾਹਮਣੇ ਆਇਆ ਕਿ ਸੀ ਬੀ ਆਈ ਵੱਲੋਂ ਭਰੇ ਗਏ ਚੌਲਾਂ ਦੇ 451 ਨਮੂਨਿਆਂ ਵਿੱਚੋਂ 441 ਗੁਣਵੱਤਾ ਦੀ ਪਰਖ ਵਿੱਚ ਫ਼ੇਲ੍ਹ ਹੋ ਗਏ ਸਨ। ਸਾਹਮਣੇ ਆਏ ਇਹ ਤੱਥ ਜਾਂਚ, ਨਿਗਰਾਨੀ ਅਤੇ ਜਵਾਬਦੇਹੀ ਵਿੱਚ ਮੌਜੂਦ ਵੱਡੀਆਂ ਖ਼ਾਮੀਆਂ ਨੂੰ ਬੇਨਕਾਬ ਕਰਦੇ ਹਨ। ਘਟੀਆ ਅਨਾਜ ਨੂੰ ਪ੍ਰਵਾਨ ਕਰਨ ਨਾਲ ਜਨਤਕ ਧਨ ਦੀ ਬਰਬਾਦੀ ਤਾਂ ਹੁੰਦੀ ਹੀ ਹੈ, ਨਾਲ ਹੀ ਉਸ ਖ਼ਰੀਦ ਪ੍ਰਣਾਲੀ ਦੀ ਭਰੋਸੇਯੋਗਤਾ ਨੂੰ ਵੀ ਵੱਡਾ ਖੋਰਾ ਲਗਦਾ ਹੈ ਜੋ ਲੱਖਾਂ ਲੋਕਾਂ ਦੀ ਅਨਾਜ ਸੁਰੱਖਿਆ ਦਾ ਮੁੱਖ ਆਧਾਰ ਹੈ। ਦੋਸ਼ੀਆਂ ਨੂੰ ਇੱਕ ਤੋਂ ਤਿੰਨ ਸਾਲ ਤੱਕ ਦੀ ਕੈਦ ਦੀ ਸਜ਼ਾ ਸੁਣਾਉਣਾ ਸੁਆਗਤਯੋਗ ਕਦਮ ਹੈ। ਪਰ ਘੁਟਾਲੇ ਦਾ ਪਤਾ ਲੱਗਣ ਅਤੇ ਫ਼ੈਸਲੇ ਆਉਣ ਵਿੱਚ 20 ਸਾਲ ਦਾ ਲੰਮਾ ਵਕਫ਼ਾ ਬੇਹੱਦ ਚਿੰਤਾਜਨਕ ਹੈ। ਭ੍ਰਿਸ਼ਟਾਚਾਰ ਦੇ ਮਾਮਲਿਆਂ ਵਿੱਚ ਦੇਰੀ ਨਾਲ ਮਿਲਣ ਵਾਲਾ ਇਨਸਾਫ਼ ਅਪਰਾਧੀਆਂ ਦੇ ਮਨੋਂ ਕਾਨੂੰਨ ਦਾ ਡਰ ਘਟਾਉਂਦਾ ਹੈ, ਸਬੂਤਾਂ ਅਤੇ ਅਦਾਰੇ ਦੀ ਯਾਦਦਾਸ਼ਤ ਨੂੰ ਧੁੰਦਲਾ ਕਰਦਾ ਹੈ ਅਤੇ ਲੋਕਾਂ ਦੇ ਭਰੋਸੇ ਨੂੰ ਠੇਸ ਪਹੁੰਚਾਉਂਦਾ ਹੈ। ਜਦੋਂ ਮੁਕੱਦਮਾ ਚਲਾਉਣ ਅਤੇ ਨਿਆਂ ਮਿਲਣ ਵਿੱਚ ਦੋ ਦਹਾਕੇ ਲੱਗ ਜਾਣ ਤਾਂ ਅਪਰਾਧੀਆਂ ਨੂੰ ਕੋਈ ਸਖ਼ਤ ਸੁਨੇਹਾ ਨਹੀਂ ਜਾਂਦਾ। ਨਿਆਂਇਕ ਪ੍ਰਕਿਰਿਆ ਨਾਲ ਸਮਝੌਤਾ ਕੀਤੇ ਬਿਨਾਂ ਫ਼ੈਸਲੇ ਜਲਦੀ ਯਕੀਨੀ ਬਣਾਉਣ ਲਈ ਵਿਸ਼ੇਸ਼ ਅਦਾਲਤਾਂ, ਸਮਾਂਬੱਧ ਜਾਂਚ, ਲੋੜੀਂਦੇ ਸਰਕਾਰੀ ਵਕੀਲ ਅਤੇ ਜਨਤਕ ਧਨ ਨਾਲ ਜੁੜੇ ਕੇਸਾਂ ਦੀ ਸਖ਼ਤ ਨਿਗਰਾਨੀ ਬਹੁਤ ਜ਼ਰੂਰੀ ਹੈ। ਇਸ ਘਟਨਾ ਤੋਂ ਮਿਲਣ ਵਾਲਾ ਸਬਕ ਸਿਰਫ਼ ਦੋਸ਼ੀਆਂ ਨੂੰ ਸਜ਼ਾ ਦੇਣ ਤੱਕ ਹੀ ਸੀਮਤ ਨਹੀਂ ਹੋਣਾ ਚਾਹੀਦਾ। ਨਿਰਪੱਖ ਗੁਣਵੱਤਾ ਦੀ ਪਰਖ, ਅਚਨਚੇਤ ਚੈਕਿੰਗ, ਡਿਜੀਟਲ ਨਿਗਰਾਨੀ ਅਤੇ ਨਿਗਰਾਨ ਅਧਿਕਾਰੀਆਂ ਦੀ ਜਵਾਬਦੇਹੀ ਨੂੰ ਤੁਰੰਤ ਮਜ਼ਬੂਤ ਕੀਤੇ ਜਾਣ ਦੀ ਲੋੜ ਹੈ। ਇਸ ਵਿਆਪਕ ਜਾਂਚ ਨੂੰ ਵੀ ਇਸ ਦੇ ਤਰਕਸੰਗਤ ਅੰਤ ਤੱਕ ਪਹੁੰਚਾਇਆ ਜਾਣਾ ਚਾਹੀਦਾ ਹੈ ਅਤੇ ਜਿੱਥੇ ਵੀ ਨੁਕਸਾਨ ਸਾਬਤ ਹੋਵੇ, ਉੱਥੇ ਸਰਕਾਰੀ ਖ਼ਜ਼ਾਨੇ ਨੂੰ ਹੋਏ ਨੁਕਸਾਨ ਦੀ ਪੂਰਤੀ ਦੇ ਯਤਨ ਵੀ ਕੀਤੇ ਜਾਣੇ ਚਾਹੀਦੇ ਹਨ।

ਨਵ-ਨਿਯੁਕਤ ਯੂਥ ਪ੍ਰਧਾਨ ਹਰਜੀ ਬਾਜਵਾ ਦਾ ਐਸਜੀਪੀਸੀ ਮੈਂਬਰ ਰਵਿੰਦਰ ਸਿੰਘ ਚੱਕ ਨੇ ਕੀਤਾ ਸਨਮਾਨ



ਮੁਕੇਰੀਆਂ, 20 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਸ਼੍ਰੋਮਣੀ ਅਕਾਲੀ ਦਲ (ਬਾਦਲ) ਵੱਲੋਂ ਹਰਜੀ ਬਾਜਵਾ ਨੂੰ ਯੂਥ ਪ੍ਰਧਾਨ ਨਿਯੁਕਤ ਕੀਤੇ ਜਾਣ 'ਤੇ ਪਾਰਟੀ ਵਰਕਰਾਂ ਵਿੱਚ ਖੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ। ਇਸੇ ਸਬੰਧ ਵਿੱਚ ਅੱਜ ਮੁਕੇਰੀਆਂ ਵਿਖੇ ਐਸਜੀਪੀਸੀ ਮੈਂਬਰ ਸ. ਰਵਿੰਦਰ ਸਿੰਘ ਚੱਕ ਦੇ ਗ੍ਰਹਿ ਵਿਖੇ ਵਿਸ਼ੇਸ਼ ਸਨਮਾਨ ਸਮਾਰੋਹ ਕਰਵਾਇਆ ਗਿਆ। ਇਸ ਮੌਕੇ ਸ. ਰਵਿੰਦਰ ਸਿੰਘ ਚੱਕ ਨੇ ਨਵ-ਨਿਯੁਕਤ ਯੂਥ ਪ੍ਰਧਾਨ ਹਰਜੀ ਬਾਜਵਾ ਨੂੰ ਸਿਰੋਪਾਓ ਭੇਟ ਕਰਕੇ ਸਨਮਾਨਿਤ ਕੀਤਾ ਅਤੇ ਉਨ੍ਹਾਂ ਦੀ ਨਿਯੁਕਤੀ 'ਤੇ ਖੁਸ਼ੀ ਪ੍ਰਗਟ ਕਰਦਿਆਂ ਵਧਾਈ ਦਿੱਤੀ।

ਇਸ ਮੌਕੇ ਸ. ਰਵਿੰਦਰ ਸਿੰਘ ਚੱਕ ਨੇ ਕਿਹਾ ਕਿ ਪਾਰਟੀ ਪ੍ਰਧਾਨ ਸ. ਸੁਖਬੀਰ ਸਿੰਘ ਬਾਦਲ ਅਤੇ ਪਾਰਟੀ ਹਾਈਕਮਾਂਡ ਵੱਲੋਂ ਹਰਜੀ ਬਾਜਵਾ ਨੂੰ ਯੂਥ ਪ੍ਰਧਾਨ ਦੀ ਅਹਿਮ ਜ਼ਿੰਮੇਵਾਰੀ ਸੌਂਪਣਾ ਬੇਹੱਦ ਸ਼ਲਾਘਾਯੋਗ ਫੈਸਲਾ ਹੈ। ਉਨ੍ਹਾਂ ਕਿਹਾ ਕਿ ਹਰਜੀ ਬਾਜਵਾ ਇੱਕ ਮਿਹਨਤੀ, ਲਗਨਸ਼ੀਲ ਅਤੇ ਪਾਰਟੀ ਪ੍ਰਤੀ ਸਮਰਪਿਤ ਵਰਕਰ ਹਨ। ਉਨ੍ਹਾਂ ਨੂੰ ਇਹ ਜ਼ਿੰਮੇਵਾਰੀ ਮਿਲਣ ਨਾਲ ਪਾਰਟੀ ਨੂੰ ਨਵੀਂ ਊਰਜਾ ਅਤੇ ਮਜ਼ਬੂਤੀ ਮਿਲੇਗੀ। ਖ਼ਾਸ ਕਰਕੇ ਨੌਜਵਾਨਾਂ ਨੂੰ ਪਾਰਟੀ ਨਾਲ ਜੋੜਨ ਅਤੇ ਜਥੇਬੰਦੀ ਨੂੰ ਜ਼ਮੀਨੀ ਪੱਧਰ 'ਤੇ ਮਜ਼ਬੂਤ ਕਰਨ ਵਿੱਚ ਉਨ੍ਹਾਂ ਦੀ ਭੂਮਿਕਾ ਅਹਿਮ ਰਹੇਗੀ।

ਉਨ੍ਹਾਂ ਆਸ ਪ੍ਰਗਟਾਈ ਕਿ ਹਰਜੀ ਬਾਜਵਾ ਆਪਣੀ ਨਵੀਂ ਜ਼ਿੰਮੇਵਾਰੀ ਪੂਰੀ ਤਨਦੇਹੀ ਅਤੇ ਇਮਾਨਦਾਰੀ ਨਾਲ ਨਿਭਾਉਂਦੇ ਹੋਏ ਪਾਰਟੀ ਦੀਆਂ ਨੀਤੀਆਂ ਅਤੇ ਵਿਚਾਰਧਾਰਾ ਨੂੰ ਘਰ-ਘਰ ਤੱਕ ਪਹੁੰਚਾਉਣਗੇ।ਇਸ ਮੌਕੇ ਸਨਮਾਨ ਪ੍ਰਾਪਤ ਕਰਨ ਉਪਰੰਤ ਨਵ-ਨਿਯੁਕਤ ਯੂਥ ਪ੍ਰਧਾਨ ਹਰਜੀ ਬਾਜਵਾ ਨੇ ਪਾਰਟੀ ਪ੍ਰਧਾਨ ਸ. ਸੁਖਬੀਰ ਸਿੰਘ ਬਾਦਲ ਅਤੇ ਸਮੁੱਚੀ ਪਾਰਟੀ ਹਾਈਕਮਾਂਡ ਦਾ ਧੰਨਵਾਦ ਕੀਤਾ।

ਉਨ੍ਹਾਂ ਕਿਹਾ ਕਿ ਪਾਰਟੀ ਲੀਡਰਸ਼ਿਪ ਵੱਲੋਂ ਉਨ੍ਹਾਂ 'ਤੇ ਜੋ ਭਰੋਸਾ ਪ੍ਰਗਟ ਕਰਦਿਆਂ ਇਹ ਅਹਿਮ ਜ਼ਿੰਮੇਵਾਰੀ ਸੌਂਪੀ ਗਈ ਹੈ, ਉਸ ਨੂੰ ਉਹ ਪੂਰੀ ਮਿਹਨਤ, ਲਗਨ ਅਤੇ ਇਮਾਨਦਾਰੀ ਨਾਲ ਨਿਭਾਉਣਗੇ। ਉਨ੍ਹਾਂ ਭਰੋਸਾ ਦਿਵਾਇਆ ਕਿ ਨੌਜਵਾਨਾਂ ਨੂੰ ਪਾਰਟੀ ਨਾਲ ਜੋੜਨ, ਜਥੇਬੰਦੀ ਨੂੰ ਹੋਰ ਮਜ਼ਬੂਤ ਕਰਨ ਅਤੇ ਪਾਰਟੀ ਦੀਆਂ ਗਤੀਵਿਧੀਆਂ ਨੂੰ ਸਰਗਰਮੀ ਨਾਲ ਅੱਗੇ ਵਧਾਉਣ ਲਈ ਉਹ ਪੂਰੀ ਵਚਨਬੱਧਤਾ ਨਾਲ ਕੰਮ ਕਰਨਗੇ।

ਇਸ ਮੌਕੇ ਐਸਜੀਪੀਸੀ ਮੈਂਬਰ ਸ. ਰਵਿੰਦਰ ਸਿੰਘ ਚੱਕ ਤੋਂ ਇਲਾਵਾ ਬਿਕਰਮ ਸਿੰਘ ਅੱਲ੍ਹਾ ਬਖ਼ਸ਼, ਗੁਰਜਿੰਦਰ ਸਿੰਘ ਚੱਕ, ਹਰਮਨਜੀਤ ਸਿੰਘ ਚੱਕ, ਸੋਦਾਗਰ ਸਿੰਘ ਚਨੌਰ, ਬਲਵੀਰ ਸਿੰਘ ਸਰਪੰਚ ਬਿਸ਼ਨਪੁਰ, ਰਣਜੀਤ ਸਿੰਘ ਡੱਲੋਵਾਲ, ਸਤਨਾਮ ਸਿੰਘ ਫੌਜਾ, ਬਖ਼ਸ਼ੀਸ਼ ਸਿੰਘ ਆਦਿ ਹਾਜ਼ਰ ਸਨ।

ਡੀ.ਸੀ.ਜੂ. ਪਟਿਆਲਾ ਦੇ ਚੇਅਰਮੈਨ ਹਰਿੰਦਰ ਸਿੰਘ ਚੱਠਾ ਨੇ ਕਰਨ ਸਿੰਘ ਨੂੰ ਦਿੱਤੀ ਮੁਬਾਰਕਬਾਦ, 2027 ਦੀਆਂ ਚੋਣਾਂ ਸਬੰਧੀ ਵੀ ਪ੍ਰਗਟਾਇਆ ਭਰੋਸਾ



ਪਾਤੜਾਂ, 20 ਨਵੰਬਰ
-ਅਮਰਜੀਤ ਸਿੰਘ-
-ਕੌਮੀ ਪੱਤ੍ਰਿਕਾ ਬਿਊਰੋ-

ਹਲਕਾ ਸ਼ੁਤਰਾਣਾ ਤੋਂ ਆਮ ਆਦਮੀ ਪਾਰਟੀ ਵੱਲੋਂ ਸਾਬਕਾ ਵਿਧਾਇਕਾ ਬੀਬੀ ਵਨਿੰਦਰ ਕੌਰ ਲੂੰਬਾ ਨੂੰ ਪਾਰਟੀ ਦੀ ਟਿਕਟ ਦਿੱਤੇ ਜਾਣ ਤੋਂ ਬਾਅਦ ਹਲਕੇ ਅੰਦਰ ਸਿਆਸੀ ਸਰਗਰਮੀਆਂ ਤੇਜ਼ ਹੋ ਗਈਆਂ ਹਨ। ਟਿਕਟ ਮਿਲਣ ਮਗਰੋਂ ਜਿੱਥੇ ਵੱਖ-ਵੱਖ ਪਿੰਡਾਂ ਦੇ ਪੰਚਾਂ-ਸਰਪੰਚਾਂ ਅਤੇ ਪਾਰਟੀ ਆਗੂਆਂ ਵੱਲੋਂ ਬੀਬੀ ਲੂੰਬਾ ਨੂੰ ਵਧਾਈਆਂ ਦਿੱਤੀਆਂ ਜਾ ਰਹੀਆਂ ਹਨ, ਉੱਥੇ ਹੀ ਉਨ੍ਹਾਂ ਦੇ ਪਤੀ ਡੀ.ਟੀ.ਓ. ਕਰਨ ਸਿੰਘ ਵੱਲੋਂ ਵੀ ਕਿਸਾਨਾਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਸਰਗਰਮੀ ਦਿਖਾਈ ਜਾ ਰਹੀ ਹੈ।

ਇਸੇ ਲੜੀ ਤਹਿਤ ਬੀਤੇ ਦਿਨ ਅਨਾਜ ਮੰਡੀ ਵਿੱਚ ਕਿਸੇ ਕਾਰਨ ਰੁਕੀ ਹੋਈ ਝੋਨੇ ਦੀ ਬੋਲੀ ਨੂੰ ਡੀ.ਟੀ.ਓ. ਕਰਨ ਸਿੰਘ ਵੱਲੋਂ ਮੁੜ ਸ਼ੁਰੂ ਕਰਵਾਇਆ ਗਿਆ। ਉਨ੍ਹਾਂ ਨੇ ਮੰਡੀ ਵਿੱਚ ਪਹੁੰਚ ਕੇ ਕਿਸਾਨਾਂ ਨਾਲ ਸਿੱਧਾ ਤਾਲਮੇਲ ਕੀਤਾ ਅਤੇ ਉਨ੍ਹਾਂ ਦੀਆਂ ਮੁਸ਼ਕਲਾਂ ਸੁਣਦਿਆਂ ਸਬੰਧਤ ਧਿਰਾਂ ਨਾਲ ਗੱਲਬਾਤ ਕਰਕੇ ਹਰ ਸੰਭਵ ਹੱਲ ਕਰਵਾਉਣ ਦਾ ਯਤਨ ਕੀਤਾ। ਇਸ ਮੌਕੇ ਜਿੱਥੇ ਕਿਸਾਨਾਂ ਨੇ ਉਨ੍ਹਾਂ ਨਾਲ ਆਪਣੀਆਂ ਸਮੱਸਿਆਵਾਂ ਸਾਂਝੀਆਂ ਕੀਤੀਆਂ, ਉੱਥੇ ਹੀ ਉਨ੍ਹਾਂ ਨੂੰ ਬੀਬੀ ਵਨਿੰਦਰ ਕੌਰ ਲੂੰਬਾ ਨੂੰ ਪਾਰਟੀ ਟਿਕਟ ਮਿਲਣ ਦੀ ਵਧਾਈ ਵੀ ਦਿੱਤੀ।

ਇਸ ਮੌਕੇ ਡੀ.ਸੀ.ਜੂ. ਪਟਿਆਲਾ ਦੇ ਚੇਅਰਮੈਨ ਹਰਿੰਦਰ ਸਿੰਘ ਚੱਠਾ ਵਿਸ਼ੇਸ਼ ਤੌਰ 'ਤੇ ਡੀ.ਟੀ.ਓ. ਕਰਨ ਸਿੰਘ ਨੂੰ ਮੁਬਾਰਕਬਾਦ ਦੇਣ ਲਈ ਪਹੁੰਚੇ। ਉਨ੍ਹਾਂ ਦੇ ਨਾਲ ਜ਼ਿਲ੍ਹਾ ਪ੍ਰਧਾਨ ਨਵਲਦੀਪ ਸਿੰਘ ਅਤੇ ਜਤਿੰਦਰ ਸਿੰਘ ਸੰਧੂ ਵੀ ਮੌਜੂਦ ਸਨ।

ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਹਰਿੰਦਰ ਸਿੰਘ ਚੱਠਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਲੋਕਾਂ ਨਾਲ ਕੀਤੇ ਵਾਅਦਿਆਂ ਨੂੰ ਪੂਰਾ ਕਰਨ ਦੇ ਨਾਲ-ਨਾਲ ਲੋਕਾਂ ਨੂੰ ਧਾਰਮਿਕ ਅਸਥਾਨਾਂ ਦੇ ਦਰਸ਼ਨ ਕਰਵਾਉਣ ਲਈ ਵੀ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਚਲਾਈ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਲੋਕ ਭਲਾਈ ਦੇ ਕੰਮਾਂ ਅਤੇ ਵਿਕਾਸ ਕਾਰਜਾਂ ਨੂੰ ਅੱਗੇ ਵਧਾਉਣ ਲਈ ਯਤਨ ਕੀਤੇ ਜਾ ਰਹੇ ਹਨ।ਉਨ੍ਹਾਂ ਅੱਗੇ ਕਿਹਾ ਕਿ ਹਲਕਾ ਸ਼ੁਤਰਾਣਾ ਦੇ ਲੋਕਾਂ ਦੀਆਂ ਸਮੱਸਿਆਵਾਂ ਅਤੇ ਪਛੜੇ ਹੋਏ ਖੇਤਰ ਦੇ ਵਿਕਾਸ ਕਾਰਜਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਵਾਉਣ ਦੀ ਲੋੜ ਹੈ। ਉਨ੍ਹਾਂ ਨੇ ਉਮੀਦ ਜਤਾਈ ਕਿ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਬੀਬੀ ਵਨਿੰਦਰ ਕੌਰ ਲੂੰਬਾ ਨੂੰ ਹਲਕੇ ਦੇ ਲੋਕਾਂ ਦਾ ਸਮਰਥਨ ਮਿਲੇਗਾ ਅਤੇ ਉਹ ਮੁੜ ਵਿਧਾਨ ਸਭਾ ਵਿੱਚ ਹਲਕੇ ਦੀ ਨੁਮਾਇੰਦਗੀ ਕਰਨਗੇ, ਤਾਂ ਜੋ ਇਲਾਕੇ ਦੇ ਅਧੂਰੇ ਵਿਕਾਸ ਕਾਰਜਾਂ ਨੂੰ ਅੱਗੇ ਵਧਾਇਆ ਜਾ ਸਕੇ।

ਵਿਰੋਧੀ ਪਾਰਟੀਆਂ ਤੇ ਕੀਤੇ ਤਿੱਖੇ ਸਵਾਲ, ਕਿਹਾ ਜਸਵੀਰ ਸਿੰਘ ਗੜ੍ਹੀ ਦੀ ਹਲਕੇ ਵਿੱਚ ਨਹੀਂ ਪਹਿਚਾਣ, ਪਹਿਲਾਂ ਪੰਜ ਸਾਲ ਲੋਕਾਂ ਦੀ ਸੇਵਾ ਕਰਨ ਜਸਵੀਰ ਸਿੰਘ ਗੜ੍ਹੀ : ਅਮਨਪ੍ਰੀਤ ਕੌਰ ਰਾਏ



ਮੋਰਿੰਡਾ, 20 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਭਾਰਤੀ ਜਨਤਾ ਪਾਰਟੀ ਐਸੀ ਵਿੰਗ ਪੰਜਾਬ ਦੀ ਕੋਆਰਡੀਨੇਟਰ ਅਤੇ ਹਲਕਾ ਸ੍ਰੀ ਚਮਕੌਰ ਸਾਹਿਬ ਤੋਂ ਸੀਨੀਅਰ ਆਗੂ ਅਮਨਪ੍ਰੀਤ ਕੌਰ ਰਾਏ ਵੱਲੋਂ ਆਪਣੇ ਮੋਰਿੰਡਾ ਸਥਿਤ ਜਨਸੰਪਰਕ ਦਫਤਰ ਦਾ ਉਦਘਾਟਨ ਕੀਤਾ ਗਿਆ। ਇਸ ਮੌਕੇ 'ਤੇ ਵੱਡੀ ਗਿਣਤੀ ਵਿੱਚ ਭਾਜਪਾ ਆਗੂ ਅਤੇ ਸ਼ਹਿਰਵਾਸੀ ਸ਼ਾਮਿਲ ਹੋਏ। ਇੱਕ ਪੱਤਰਕਾਰ ਵਾਰਤਾ ਦੌਰਾਨ ਬੀਬੀ ਅਮਨਪ੍ਰੀਤ ਕੌਰ ਰਾਏ ਨੇ ਕਿਹਾ ਕਿ ਹਲਕਾ ਸ੍ਰੀ ਚਮਕੌਰ ਸਾਹਿਬ ਵਿੱਚ ਸਭ ਤੋਂ ਵੱਡੀ ਚਿੰਤਾ ਸਥਾਨਕ ਵਿਕਾਸ ਤੇ ਰੁਜ਼ਗਾਰ ਦੀ ਹੈ।

ਮੋਰਿੰਡਾ, ਚਮਕੌਰ ਸਾਹਿਬ, ਅਤੇ ਆਲੇ-ਦੁਆਲੇ ਦੇ ਪਿੰਡਾਂ ਵਿੱਚ ਸੜਕਾਂ, ਨਿਕਾਸੀ ਨਾਲਿਆਂ, ਸਟਰੀਟ ਲਾਈਟਾਂ, ਸਫ਼ਾਈ ਅਤੇ ਬੁਨਿਆਦੀ ਢਾਂਚੇ ਦੀ ਮੰਗ ਲਗਾਤਾਰ ਉਠਦੀ ਰਹਿੰਦੀ ਹੈ। ਉਹਨਾਂ ਕਿਹਾ ਕਿ ਸ਼੍ਰੀ ਚਮਕੌਰ ਸਾਹਿਬ ਦੇ ਨਾਲ ਤੋਂ ਨਿਕਲਦੀ ਸਰਹੰਦ ਕੈਨਾਲ ਦੀ ਸਫਾਈ ਦੀ ਪ੍ਰਮੁੱਖ ਲੋੜ ਹੈ ਕਿਉਂਕਿ ਬੀਤੇ ਦਿਨਾਂ ਦੌਰਾਨ ਇਸ ਨਹਿਰ ਦੀ ਸਹੀ ਢੰਗ ਨਾਲ ਸਫਾਈ ਨਾ ਕੀਤੇ ਜਾਣ ਕਾਰਨ ਹੀ ਨਹਿਰ ਦੇ ਕਿਨਾਰੇ ਟੁੱਟ ਚੁੱਕੇ ਹਨ।

ਬੀਬੀ ਅਮਨਪ੍ਰੀਤ ਕੌਰ ਰਾਏ ਵੱਲੋਂ ਵੱਲੋਂ ਪ੍ਰਦੂਸ਼ਣ ਰੋਕਣ, ਪਾਣੀ ਅਤੇ ਹਵਾ ਦੀ ਗੁਣਵੱਤਾ ਦੀ ਰਾਖੀ, ਤੇ ਸਥਾਨਕ ਲੋਕਾਂ ਦੀ ਸਿਹਤ ਦੀ ਸੁਰੱਖਿਆ ਲਈ ਪ੍ਰਭਾਵੀ ਉਪਰਾਲੇ ਕਰਨ ਦੀ ਗੱਲ ਕੀਤੀ ਗਈ। ਉਨ੍ਹਾਂ ਕਿਹਾ ਕਿ ਸ਼੍ਰੀ ਚਮਕੌਰ ਸਾਹਿਬ ਦੇ ਨੇੜੇ ਜੰਡ ਸਾਹਿਬ ਵਿਖੇ ਲੱਗ ਰਹੀ ਰੂਚੀਕਾ ਪੇਪਰ ਮਿਲ ਖਿਲਾਫ ਇਲਾਕੇ ਦੇ ਲੋਕਾਂ ਅਤੇ ਵੱਖ ਵੱਖ ਜਥੇਬੰਦੀਆਂ ਵੱਲੋਂ 2018 ਤੋਂ ਧਰਨਾ ਚੱਲ ਰਿਹਾ ਸੀ ਤਾਂ ਜੋ ਹਲਕੇ ਨੂੰ ਹਵਾ ਤੇ ਪਾਣੀ ਦੇ ਪ੍ਰਦੂਸ਼ਣ ਤੋਂ ਬਚਾਇਆ ਜਾ ਸਕੇ। ਜਿਸ ਧਰਨੇ ਦਾ ਦਾ ਉਨ੍ਹਾਂ ਵੱਲੋਂ ਵੀ ਡਟਕੇ ਸਮਰਥਨ ਕੀਤਾ ਗਿਆ ਅਤੇ ਮੋਰਚੇ ਨੂੰ ਸਮਰਥਨ ਦਿੰਦਿਆਂ ਗਵਰਨਰ ਪੰਜਾਬ, ਕੇਂਦਰੀ ਮੰਤਰੀਆਂ ਤੇ ਅਧਿਕਾਰੀਆਂ ਨਾਲ ਵੀ ਗੱਲਬਾਤ ਕੀਤੀ ਗਈ। ਉਹਨਾਂ ਇਲਜ਼ਾਮ ਲਗਾਏ ਕਿ ਪਿਛਲੀ ਸਰਕਾਰ ਸਮੇਂ ਰੂਚਿਕਾ ਪੇਪਰ ਮਿਲ ਦੀ ਐਨ.ਓ.ਸੀ. ਲਈ ਪਵਿੱਤਰ ਹਲਕਾ ਸ੍ਰੀ ਚਮਕੌਰ ਸਾਹਿਬ ਦੇ ਇਤਿਹਾਸ ਨੂੰ ਅਤੇ ਇੱਥੋਂ ਦੀ ਮਹੱਤਤਾ ਨੂੰ ਛੁਪਾਇਆ ਗਿਆ ਜੋ ਬਹੁਤ ਹੀ ਨਿੰਦਣਯੋਗ ਵਿਸ਼ਾ ਹੈ ਪ੍ਰੰਤੂ ਉਹਨਾਂ ਇਸ ਵਿਰੁੱਧ ਡੱਟ ਕੇ ਲੜਾਈ ਲੜੀ। ਉਹਨਾਂ ਕਿਹਾ ਕਿ ਉਸ ਸਮੇਂ ਗੁਰਦੁਆਰਾ ਸਾਹਿਬਾਨ ਦੇ ਵੇਰਵੇ, ਸਿੱਖ ਇਤਿਹਾਸ ਦੀ ਮਹੱਤਤਾ ਅਤੇ ਇਤਿਹਾਸਿਕ ਤੱਥ ਛੁਪਾਏ ਗਏ।

ਉਹਨਾਂ ਬਿਨਾਂ ਕਿਸੀ ਆਗੂ ਦਾ ਨਾਮ ਲੈਂਦਿਆਂ ਕਿਹਾ ਕਿ ਪਿਛਲੀ ਸਰਕਾਰ ਸਮੇਂ ਦੇ ਆਗੂਆਂ ਨੇ ਵੀ ਰੂਚਿਕਾ ਮਿੱਲ ਸਬੰਧੀ ਚੁੱਪ ਧਾਰ ਰੱਖੀ। ਪ੍ਰੰਤੂ ਗਵਰਨਰ ਪੰਜਾਬ ਵੱਲੋਂ 13 ਅਪ੍ਰੈਲ ਨੂੰ ਇੱਕ ਪੱਤਰ ਜਾਰੀ ਹੋਣ ਤੋਂ ਬਾਅਦ ਇੱਕ ਆਗੂ ਨੇ ਆਪਣੀ ਚੁੱਪੀ ਤੋੜੀ ਅਤੇ ਕਿਹਾ ਕਿ ਉਸਦਾ ਇਸ ਪੇਪਰ ਮਿਲ ਨਾਲ ਕੋਈ ਸੰਬੰਧ ਨਹੀਂ। ਪ੍

ਤੁਹਾਡੀ ਰਸੋਈ


ਬਨਾਨਾ ਐਂਡ ਪੀਨਟ ਬਟਰ ਮਿਲਕਸ਼ੇਕ



ਸਮੱਗਰੀ
ਕੇਲਾ- 1
ਪੀਨਟ ਬਟਰ- 3 ਚਮਚ
ਦੁੱਧ- 1 ਕੱਪ
ਆਈਸ- 4 ਕਿਊਬ
ਪ੍ਰੋਟੀਨ ਪਾਊਡਰ- 1 ਚਮਚ


ਵਿਧੀ
ਸਭ ਤੋਂ ਪਹਿਲਾਂ ਮਿਕਸੀ 'ਚ ਥੋੜ੍ਹਾ ਜਿਹਾ ਦੁੱਧ ਪਾ ਕੇ ਉਸ 'ਚ ਕੱਟੇ ਹੋਏ ਕੇਲੇ ਪਾ ਲਓ। ਫ਼ਿਰ ਉਸ ਨੂੰ 2 ਸੈਕਿੰਡ ਲਈ ਬਲੈਂਡ ਕਰੋ। ਫ਼ਿਰ ਮਿਕਸੀ 'ਚ ਪੀਨਟ ਬਟਰ, ਥੋੜ੍ਹਾ ਜਿਹਾ ਦੁੱਧ ਅਤੇ ਆਈਸ ਕਿਊਬ ਪਾ ਕੇ ਗ੍ਰਾਈਂਡ ਕਰੋ। ਹੁਣ ਸ਼ੇਕ 'ਚ ਪ੍ਰੋਟੀਨ ਪਾਊਡਰ ਰਲਾ ਲਓ ਅਤੇ 2 ਸੈਕਿੰਡ ਲਈ ਫ਼ਿਰ ਤੋਂ ਬਲੈਂਡ ਕਰੋ। ਇਸ ਸ਼ੇ ਨੂੰ ਥੋੜ੍ਹਾ ਜਿਹਾ ਗਾੜ੍ਹਾ ਬਣਾਉਣ ਲਈ ਇਸ 'ਚ ਥੋੜ੍ਹਾ ਜਿਹਾ ਦੁੱਧ ਹੋਰ ਪਾਓ।

ਲਸੁਣੀ ਬੈਂਗਣ ਰੈਸਿਪੀ



ਸਮਗਰ
ਬੈਂਗਣ- 1
ਪਿਆਜ਼-1
ਲਣਸ- 15- 20 ਕਲੀਆਂ
ਲਸਣ ਪੇਸਟ- 1 ਚਮਚ
ਟਮਾਟਰ- 1
ਹਰੀ ਮਿਰਚ- 3
ਨਮਕ ਸੁਆਦ ਅਨੁਸਾਰ
ਜੀਰਾ ਪਾਊਡਰ- 1 ਚਮਚ
ਹਲਦੀ ਪਾਊਡਰ-1/2 ਚਮਚ
ਗਰਮ ਮਸਾਲਾ- 1/2 ਚਮਚ
ਧਨੀਆ ਦੇ ਪੱਤੇ- 2 ਚਮਚ
ਤੇਲ
ਵਿਧੀ - ਸਭ ਤੋਂ ਪਹਿਲਾਂ ਬੈਂਗਣ ਨੂੰ ਧੋ ਲਓ ਅਤੇ ਚਾਕੂ ਦੀ ਮਦਦ ਨਾਲ ਉਸ 'ਚ ਲੰਬੇ-ਲੰਬੇ ਚੀਰੇ ਲਗਾ ਲਓ। ਚੀਰੇ 'ਚ ਹਰ ਸਾਈਡ 'ਤੇ ਤੇਲ ਲਗਾਓ। ਹਰ ਚੀਰੇ ਦੇ ਅੰਦਰ ਲਸਣ ਦੀਆਂ ਕਲੀਆਂ ਨੂੰ ਉਂਗਲੀਆਂ ਨਾਲ ਡੂੰਘਾਈ ਤੱਕ ਪਾਓ। ਗੈਸ ਚਲਾਓ ਅਤੇ ਉਸ 'ਤੇ ਬੈਂਗਣ ਰਖ ਦਿਓ। ਬਗਣ ਨੂ ਪੂਰਾ ਕਾਲਾ ਹੋਣ ਤੱਕ 5 ਮਿੰਟ ਤੱਕ ਭੁੰਨੋ। ਫ਼ਿਰ ਗੈਸ ਬੰਦ ਕਰ ਦਿਓ ਅਤੇ ਬੈਂਗਣ ਨੂੰ ਠੰਡੇ ਪਾਣੀ 'ਚ ਪਾਓ ਇਸ ਤੋਂ ਬਾਅਦ ਉਸ ਨੂੰ ਛਿੱਲ ਲਓ ਫ਼ੁਣ ਇਸ 'ਚ ਬੈਂਗਣ ਨੂੰ ਕਟੋਰੇ 'ਚ ਰੱਖ ਕੇ ਚੰਗੀ ਨਾਲ ਮਸਲ ਲਓ। ਹੁਣ ਗੈਸ 'ਤੇ ਪੈਨ ਰੱਖੋ ਉਸ 'ਚ ਹਲਕਾ ਜਿਹਾ ਤੇਲ ਪਾ ਕੇ ਗਰਮ ਕਰੋ, ਫ਼ਿਰ ਉਸ 'ਚ ਕੱਟੇ ਹੋਏ ਪਿਆਜ਼ ਅਤੇ ਲਸਣ ਪੇਸਟ ਪਾ ਕੇ 4 ਮਿੰਟ ਤੱਕ ਫ਼ਰਾਈ ਕਰੋ, ਅੱਗ ਹੌਲੀ ਰੱਖੋ। ਹੁਣ ਇਸ 'ਚ ਅਦਰਕ ਪੇਸਟ, ਹਰੀ ਮਿਰਚ, ਹਲਦੀ ਪਾਊਡਰ, ਲਾਲ ਮਿਰਚ ਪਾਊਡਰ, ਜੀਰਾ ਪਾਊਡਰ ਪਾ ਕੇ 3 ਮਿੰਟ ਤੱਕ ਪਕਾਓ। ਹੁਣ ਇਸ 'ਚ ਟਮਾਟਰ ਅਤੇ ਨਮਕ ਪਾ ਕੇ 4 ਮਿੰਟ ਤੱਕ ਪਕਾਓ। ਹੁਣ ਇਸ 'ਚ ਸਮਲਿਆਂ ਹੋਇਆ ਬੈਂਗਣ ਪਾ ਕੇ 2-3 ਮਿੰਟ ਤੱਕ ਪਕਾਓ। ਇੱਕ ਵਾਰ ਹੋ ਜਾਣ ਤੋਂ ਬਾਅਦ ਅੱਗ ਬੰਦ ਕਰ ਦਿਓ ਅਤੇ ਇਸ 'ਚ ਕੱਟਿਆ ਹੋਣ ਧਨੀਆ ਪਾ ਦਿਓ।

ਆਲੂ-ਪਨੀਰ ਸਲਾਦ



ਸਮੱਗਰੀ
ਸਮੱਗਰੀ-ਮੱਖਣ 1 ਚੱਮਚ, ਪਨੀਰ 1 ਕੱਪ, ਆਲੂ ਛੋਟੇ ਆਕਾਰ ਦੇ ਡੇਢ ਕੱਪ, ਬਰਾਊਨ ਸ਼ੂਗਰ 1 ਚੱਮਚ, ਕਾਰਨ (ਉਬਲੇ ਹੋਏ) ਅੱਧਾ ਕੱਪ, ਲਾਲ ਸ਼ਿਮਲਾ ਮਿਰਚ ਕਟੀ ਹੋਈ ਅੱਧਾ ਕੱਪ, ਹਰੀ ਸ਼ਿਮਲਾ ਮਿਰਚ ਕਟੀ ਹੋਈ ਅੱਧਾ ਕੱਪ, ਚੈਰੀ 4-5, ਨਮਕ ਤੇ ਕਾਲੀ ਮਿਰਚ ਸਵਾਦ ਅਨੁਸਾਰ। ਸਜਾਵਟ ਲਈ-ਮਿਊਨੀਜ਼ 1 ਚੱਮਚ, ਕਾਲੀ ਮਿਰਚ ਕਸਟਰਡ 1/2 ਚੱਮਚ, ਕੁੱਟੀ ਹੋਈ ਲਾਲ ਮਿਰਚ ਅੱਧਾ ਚੱਮਚ, ਆਰਗੇਨੋ ਅੱਧਾ ਚੱਮਚ। ਸਜਾਵਟ ਲਈ ਉੱਬਲੇ ਹੋਏ ਅਮਰੀਕਨ ਕਾਰਨ। ਬਣਾਉਣ ਦਾ ਤਰੀਕਾ-ਕੜਾਹੀ 'ਚ ਮੱਖਣ ਪਾ ਕੇ ਗਰਮ ਕਰੋ। ਇਸ 'ਚ ਸਭ ਤੋਂ ਪਹਿਲਾਂ ਪਨੀਰ ਨੂੰ ਚੰਗੀ ਤਰ੍ਹਾਂ ਤਲ ਲਓ। ਫ਼ਿਰ ਇਸ ਵਿੱਚ ਬਰਾਊਨ ਸ਼ੂਗਰ, ਬੇਬੀ ਪਟੈਟੋ, ਨਮਕ ਤੇ ਮਿਰਚ ਪਾ ਕੇ ਲੱਗਭੱਗ ਦੋ ਮਿੰਟ ਤੱਕ ਘੱਟ ਸੇਕ 'ਤੇ ਪਕਾਓ। ਇਸ ਤੋਂ ਬਾਅਦ ਉੱਬਲੇ ਹੋਏ ਕਾਰਨ, ਲਾਲ ਅਤੇ ਹਰੀ ਸ਼ਿਮਲਾ ਮਿਰਚ ਨੂੰ ਪਾ ਕੇ ਚੰਗੀ ਤਰ੍ਹਾਂ ਮਿਲਾ ਲਓ। ਇਸ ਤੋਂ ਬਾਅਦ ਇਸ ਨੂੰ ਡੋਂਗੇ ਵਿੱਚ ਕੱਢ ਕੇ ਡ੍ਰੈਸਿੰਗ ਸਮੱਗਰੀ ਨੂੰ ਵੀ ਇਸ 'ਤੇ ਅਮਰੀਕਨ ਉੱਬਲੇ ਹੋਏ ਕਾਰਨ ਪਾ ਦਿਓ। ਜੇਕਰ ਤੁਸੀਂ ਇਸ ਵਿੱਚ ਹੋਰ ਸਬਜ਼ੀਆਂ ਮਿਲਾਉਣਾ ਚਾਹੋ, ਤਾਂ ਉਹ ਵੀ ਪਾ ਸਕਦੇ ਹੋ, ਜਿਵੇਂ-ਗਾਜਰ, ਫ਼ਰਾਂਸਬੀਨ ਆਦਿ।



ਪੰਜਾਬੀ ਲੋਕ ਸੱਭਿਆਚਾਰ ਵਿੱਚ ਤ੍ਰਿੰਞਣ

➢ ਡਾ. ਪ੍ਰਿਤਪਾਲ ਸਿੰਘ ਮਹਿਰੋਕ

ਪੰਜਾਬੀ ਲੋਕ ਸੱਭਿਆਚਾਰ ਵਿੱਚ ਹੋਈ ਮੱਕੀ ਜਾਂ ਛੋਲਿਆਂ ਦੇ ਦਾਣੇ, ਚਰਖੇ ਦਾ ਅਤੇ ਚਰਖਾ ਕੱਤਣ ਵਾਲੀਆਂ ਕੁੜੀਆਂ ਦਾ ਸਨਮਾਨਯੋਗ ਸਥਾਨ ਰਿਹਾ ਹੈ। ਸਾਧਾਰਨ ਅਰਥਾਂ ਵਿੱਚ ਕੁੜੀਆਂ ਜਦੋਂ ਇਕੱਠੀਆਂ ਹੋ ਕੇ ਚਰਖੇ ਕੱਤਦੀਆਂ ਹਨ, ਨੱਚਦੀਆਂ-ਗਾਉਂਦੀਆਂ ਹਨ ਅਤੇ ਇੱਕ-ਦੂਜੀ ਨਾਲ ਆਪਣੇ ਦਿਲੀ ਵਲਵਲੇ ਸਾਂਝੇ ਕਰਦੀਆਂ ਹਨ ਤਾਂ ਤ੍ਰਿੰਞਣ ਜੁੜ ਜਾਂਦਾ ਹੈ। ਸਮੇਂ ਦੇ ਬਦਲਣ ਨਾਲ ਹੁਣ ਪੰਜਾਬ ਦੇ ਪਿੰਡਾਂ ਵਿੱਚ ਤ੍ਰਿੰਞਣ ਦੀਆਂ ਅਜਿਹੀਆਂ ਝਾਕੀਆਂ ਕਿਧਰੇ ਘੱਟ ਹੀ ਵੇਖਣ ਨੂੰ ਮਿਲਦੀਆਂ ਹਨ। ਅਜਿਹਾ ਸਮਾਂ ਵੀ ਸੀ ਜਦੋਂ ਤ੍ਰਿੰਞਣ ਪੰਜਾਬੀ ਸੱਭਿਆਚਾਰ ਦਾ ਅਨਿੱਖੜਵਾਂ ਅੰਗ ਹੁੰਦਾ ਸੀ। ਪੰਜਾਬ ਵਿੱਚ ਹਰੇਕ ਰੁੱਤੇ ਤ੍ਰਿੰਞਣ ਜੁੜਦੇ ਰਹੇ ਹਨ, ਪਰ ਸਿਆਲ ਦੀਆਂ ਲੰਮੀਆਂ ਰਾਤਾਂ ਵਿੱਚ ਅੱਠੇ ਪਹਿਰ ਚੱਲਦੇ ਰਹਿਣ ਵਾਲੇ ਤ੍ਰਿੰਞਣਾਂ ਦਾ ਵਿਸ਼ੇਸ਼ ਆਨੰਦ, ਨਜ਼ਾਰਾ ਤੇ ਮਹੱਤਵ ਹੁੰਦਾ ਸੀ। ਸ਼ਾਮ ਹੋਣ ਤੋਂ ਪਹਿਲਾਂ ਕੁੜੀਆਂ ਆਪਣੇ ਚਰਖੇ, ਪੀੜ੍ਹੀਆਂ ਤੇ ਕੱਤਣੀਆਂ ਉਸ ਘਰ ਵਿੱਚ ਰੱਖ ਆਉਂਦੀਆਂ ਸਨ ਜਿਸ ਘਰ ਵਿੱਚ ਤ੍ਰਿੰਞਣ ਦਾ ਇਕੱਠ ਜੁੜਨਾ ਹੁੰਦਾ ਸੀ। ਰਾਤ ਹੋ ਜਾਣ 'ਤੇ ਤ੍ਰਿੰਞਣ ਵਿੱਚ ਭਾਗ ਲੈਣ ਵਾਲੀਆਂ ਕੁੜੀਆਂ ਕਿਸੇ ਨਿਸ਼ਚਿਤ ਸਥਾਨ 'ਤੇ ਇਕੱਠੀਆਂ ਹੁੰਦੀਆਂ ਤੇ ਫਿਰ ਇਕੱਠੀਆਂ ਇੱਕ ਜੁੱਟ ਦੇ ਰੂਪ ਵਿੱਚ ਤ੍ਰਿੰਞਣ ਵਾਲੇ ਘਰ ਪਹੁੰਚਦੀਆਂ। ਕੁੜੀਆਂ ਆਪਣੇ ਨਾਲ ਆਪਣੇ ਘਰਾਂ ਤੋਂ ਖਾਣ-ਪੀਣ ਲਈ ਨਿਕ-ਸੁੱਕ ਜਿਵੇਂ ਤਿਲਚੌਲੀ, ਭੁੱਜੀ ਮੱਕੀ ਜਾਂ ਛੋਲਿਆਂ ਦੇ ਦਾਣੇ, ਗੁੜ, ਮੂੰਗਫਲੀ, ਪਿੰਨੀਆਂ, ਗੁੜ-ਸ਼ੱਕਰ ਆਦਿ ਲੈ ਕੇ ਆਉਂਦੀਆਂ ਸਨ। ਇਸੇ ਕਰਕੇ ਤ੍ਰਿੰਞਣ ਨੂੰ 'ਭੰਡਾਰਾ ਮੇਲਣਾ' ਵੀ ਕਿਹਾ ਜਾਂਦਾ ਸੀ। ਘਰੋਂ ਲਿਆਂਦੀਆਂ ਵਸਤਾਂ ਨੂੰ ਕੁੜੀਆਂ ਜਦੋਂ ਦਿਲ ਕਰਦਾ ਜਾਂ ਚਰਖਾ ਕੱਤਣ ਤੋਂ ਜਦੋਂ ਵੀ ਵਿਹਲ ਮਿਲਦੀ ਖਾ ਲੈਂਦੀਆਂ। ਖਾਣ ਵਾਲੀਆਂ ਚੀਜ਼ਾਂ ਦਾ ਵਟਾਂਦਰਾ ਕਰਕੇ ਖਾਣ ਵਿੱਚ ਉਹ ਵੱਖਰੀ ਤਰ੍ਹਾਂ ਦੀ ਖ਼ੁਸ਼ੀ ਦਾ ਅਨੁਭਵ ਕਰਦੀਆਂ ਸਨ। ਦੀਵਿਆਂ ਵਿੱਚ ਪਾਉਣ ਲਈ ਉਹ ਸਰੋਂ ਦਾ ਤੇਲ ਲਿਆਉਣਾ ਨਹੀਂ ਸਨ ਭੁੱਲਦੀਆਂ। ਕੱਤਣ ਦੌਰਾਨ ਹਾਸਾ-ਮਜ਼ਾਕ ਕਰਨ, ਗੀਤ ਗਾਉਣ ਤੇ ਕੁਝ ਨਾ ਕੁਝ ਖਾਈ ਜਾਣ ਦਾ ਸਿਲਸਿਲਾ ਸਾਰੀ ਰਾਤ ਚੱਲਦਾ ਰਹਿੰਦਾ ਸੀ। ਰਾਤ ਭਰ ਚੱਲਦੇ ਰਹਿੰਦੇ ਤ੍ਰਿੰਞਣ ਨੂੰ 'ਰਾਤ ਕੱਤਣੀ' ਵੀ ਕਹਿ ਲਿਆ ਜਾਂਦਾ ਸੀ। ਸਰਦੀਆਂ ਦੇ ਦਿਨੀਂ ਰੋਟੀ ਟੁੱਕ ਕਰਨ ਤੇ ਚੁੱਲ੍ਹੇ-ਚੌਕੇ ਦੇ ਆਹਰ ਤੋਂ ਵਿਹਲੀਆਂ ਹੋ ਕੇ ਵੀ ਕੁੜੀਆਂ ਤ੍ਰਿੰਞਣ ਛੇਹ ਬੈਠਦੀਆਂ ਸਨ ਤੇ ਰਲ-ਮਿਲ ਕੇ ਚਰਖੇ ਕੱਤਦੀਆਂ ਸਨ। ਇਸ ਤ੍ਰਿੰਞਣ ਨੂੰ 'ਚਿੜੀ ਚੜ੍ਹੂੰਗਾ' ਕਿਹਾ ਜਾਂਦਾ ਸੀ। ਰਾਤ ਭਰ ਚੱਲਦੇ ਰਹਿਣ ਵਾਲੇ ਤ੍ਰਿੰਞਣ ਵਿੱਚ ਕੱਤਣ ਦੇ ਮੁਕਾਬਲੇ ਵੀ ਹੁੰਦੇ ਸਨ। ਉਨ੍ਹਾਂ ਨੂੰ ਛੋਪੇ ਕਿਹਾ ਜਾਂਦਾ ਸੀ। ਉਸ ਨੂੰ ਛੋਪ ਪਾ ਕੇ ਕੱਤਣਾ ਵੀ ਕਹਿ ਲਿਆ ਜਾਂਦਾ ਸੀ। ਸਰੋਂ ਦੇ ਤੇਲ ਦੇ ਦੀਵੇ ਜਗਾ ਲਏ ਜਾਂਦੇ ਸਨ। ਉਨ੍ਹਾਂ ਦੀ ਮਿੱਠੀ-ਮਿੱਠੀ ਰੌਸ਼ਨੀ ਵਿੱਚ ਚਰਖੇ ਕੱਤਦੀਆਂ ਮੁਟਿਆਰਾਂ ਵੀ ਮਸਤੀ ਵਿੱਚ ਆ ਕੇ ਚਰਚੇ ਕੱਤਦੀਆਂ ਤੇ ਵੰਨ-ਸੁਵੰਨੀ ਘੂਕਰ ਦੀਆਂ ਧੁਨਾਂ ਪੈਦਾ ਕਰਦੀਆਂ ਸਨ। ਚਰਖੇ ਗੂੰਜ ਉੱਠਦੇ ਸਨ, ਪੂਣੀਆਂ ਕੱਤੀਆਂ ਜਾਂਦੀਆਂ ਸਨ, ਕੁੜੀਆਂ ਗਲੋਟੇ ਬਣਾਈ ਜਾਂਦੀਆਂ ਸਨ ਤੇ ਨਾਲ-ਨਾਲ ਉਹ ਲੋਕ ਗੀਤਾਂ ਦੀਆਂ ਤੁਕਾਂ ਅਲਾਪਦੀਆਂ ਜਾਂਦੀਆਂ। ਰਾਤ ਦਾ ਤਾਰਾ ਚੜ੍ਹਦਿਆਂ ਹੀ ਛੋਪ ਪਾਉਣ ਦੀ ਤਿਆਰੀ ਸ਼ੁਰੂ ਹੋ ਜਾਂਦੀ। ਕੁੜੀਆਂ ਚੱਕਰ ਦੀ ਗੋਲਾਈ ਵਿੱਚ ਆਪਣੇ ਚਰਖੇ ਡਾਹ ਲੈਂਦੀਆਂ ਸਨ। ਕਿਸੇ ਚੁਸਤ ਤੇਜ਼ ਹੁਸ਼ਿਆਰ ਤੇ ਵਧੀਆ ਕੱਤਣ ਵਾਲੀ ਕੁੜੀ ਦੇ ਕੋਲ ਇੱਕ ਛੱਜ ਜਾਂ ਟੋਕਰਾ ਰੱਖ ਦਿੱਤਾ ਜਾਂਦਾ ਸੀ। ਸਾਰੀਆਂ ਕੁੜੀਆਂ ਆਪਣੇ ਆਪਣੇ ਹਿੱਸੇ ਦੀਆਂ ਚਾਰ-ਚਾਰ ਪੂਣੀਆਂ ਉਸ ਮੋਹਤਬਰ ਕੁੜੀ ਵੱਲ ਵਾਰੋ-ਵਾਰੀ ਸੁੱਟਦੀਆਂ ਜਾਂਦੀਆਂ, ਉਹ ਬੜੀ ਜੁਗਤ ਤੇ ਤਰਤੀਬ ਨਾਲ ਉਨ੍ਹਾਂ ਨੂੰ ਛੱਜ ਨਾਲ ਜਾਂ ਟੋਕਰੇ ਵਿੱਚ ਟਿਕਾਉਂਦੀ ਜਾਂਦੀ। ਇਸ ਤਰ੍ਹਾਂ ਨਾਲ ਚਾਰ-ਚਾਰ ਪੂਣੀਆਂ ਦੇ ਇੱਕ ਤੋਂ ਬਾਅਦ ਇੱਕ ਕਈ ਗੇੜ, ਪਹਿਲਾਂ ਬਣਾਈ ਤਰਤੀਬ ਨਾਲ ਹੀ, ਉੱਪਰ ਤੋਂ ਉੱਪਰ ਟਿਕਾ ਲਏ ਜਾਂਦੇ ਸਨ। ਮੋਹਤਬਰ ਕੁੜੀ ਇਸ ਗੱਲ ਦਾ ਸਹਿਜੇ ਹੀ ਅਨੁਮਾਨ ਲਗਾ ਲੈਂਦੀ ਸੀ ਕਿ ਸਾਰੀ ਰਾਤ ਵਿੱਚ ਕਿੰਨੀਆਂ ਕੁ ਪੂਣੀਆਂ ਕੱਤੀਆਂ ਜਾ ਸਕਣਗੀਆਂ। ਉਸ ਅੰਦਾਜ਼ੇ ਅਨੁਸਾਰ ਹੀ ਛੋਪ ਪਾਏ ਜਾਂਦੇ ਸਨ। ਛੋਪ ਪਾ ਲਏ ਜਾਣ ਪਿੱਛੋਂ ਕੁੜੀਆਂ ਕੱਤਣਾ ਸ਼ੁਰੂ ਕਰ ਦਿੰਦੀਆਂ। ਮੋਹਤਬਰ ਕੁੜੀ ਸਾਰੀਆਂ ਕੁੜੀਆਂ ਵੱਲ ਪਹਿਲੇ ਗੇੜ ਦੀਆਂ ਚਾਰ-ਚਾਰ ਪੂਣੀਆਂ ਸੁੱਟ ਦਿੰਦੀ। ਮੋਹਤਬਰ ਬਣਾਈ ਕੁੜੀ ਨੂੰ ਬਾਕੀਆਂ ਨਾਲੋਂ ਦੁੱਗਣਾ ਕੰਮ ਕਰਨਾ ਪੈਂਦਾ ਸੀ। ਉਸ ਨੇ ਕੁੜੀਆਂ ਵੱਲ ਪੂਣੀਆਂ ਵੀ ਸੁੱਟਣੀਆਂ ਹੁੰਦੀਆਂ ਸਨ ਤੇ ਆਪਣੇ ਹਿੱਸੇ ਦਾ ਕੱਤਣਾ ਵੀ ਹੁੰਦਾ ਸੀ। ਜਿਉਂ-ਜਿਉਂ ਪੂਣੀਆਂ ਦੇ ਗੇੜਾਂ ਦੀ ਗਿਣਤੀ ਵਧਦੀ ਜਾਂਦੀ, ਕੋਈ ਨਾ ਕੋਈ ਕੁੜੀ ਕੱਤਣ ਵਿੱਚ ਪੱਛੜਦੀ ਜਾਂਦੀ ਤੇ ਪੂਣੀਆਂ ਸੁੱਟਣ ਵਾਲੀ ਕੁੜੀ ਕੋਲ ਟੋਕਰੇ ਵਿੱਚ ਪੂਣੀਆਂ ਜਮ੍ਹਾਂ ਹੋਣੀਆਂ ਸ਼ੁਰੂ ਹੋ ਜਾਂਦੀਆਂ। ਛੋਪ ਪਾਉਣ ਦੇ ਗੇੜ ਚੱਲਦੇ ਰਹਿੰਦੇ, ਉਪਰੋਥਲੀ ਹਾਸਾ ਠੱਠਾ ਵੀ ਚੱਲਦਾ ਰਹਿੰਦਾ, ਚਾਹ ਬਣਾਈ ਤੇ ਵਰਤਾਈ ਜਾਂਦੀ, ਅੱਧੀ ਰਾਤ ਤੇ ਫਿਰ ਸਵੇਰ ਹੋਣ ਤਕ ਇਹ ਸਿਲਸਿਲਾ ਚੱਲਦਾ ਰਹਿੰਦਾ। ਵੇਖੋ-ਵੇਖੀ ਕੁੜੀਆਂ ਵਧੀਆ ਤੋਂ ਵਧੀਆ ਚਰਖਾ ਲੈਣ ਦੀ ਰੀਝ ਆਪਣੇ ਮਨ ਵਿੱਚ ਪਾਲਦੀਆਂ ਸੁਣੀਆਂ ਜਾਂਦੀਆਂ:

ਕਿੱਕਰ ਦਾ ਮੇਰਾ ਚਰਖਾ ਮਾਏ
ਟਾਹਲੀ ਦਾ ਬਣਵਾ ਦੇ।
ਇਸ ਚਰਖੇ ਦੇ ਹਿੱਲੇ ਮਝੇਰੂ
ਮਾਲ੍ਹਾਂ ਬਹੁਤੀਆਂ ਖਾਵੇ।
ਮੇਰੇ ਹਾਣ ਦੀਆਂ ਕੱਤ ਕੇ ਸੌਂ ਗਈਆਂ
ਮੈਥੋਂ ਕੱਤਿਆ ਨਾ ਜਾਵੇ।
ਚਰਖਾ ਬੂਹ ਚੰਦਰਾ
ਮੇਰੀ ਨੀਂਦ ਉਡਾਵੇ।
ਧੀ ਦੀ ਅਜਿਹੀ ਫ਼ਰਮਾਇਸ਼ ਨੂੰ ਸੁਣਨ ਤੋਂ ਪਿੱਛੋਂ ਹਾਜ਼ਰ ਜਵਾਬ ਮਾਂ ਤਟ-ਫਟ ਕਹਿਣ ਲੱਗ ਜਾਂਦੀ ਸੀ:
ਧੀਏ, ਚੱਜ ਨਾ ਕੱਤਣ ਦਾ ਤੈਨੂੰ
ਚਰਖੇ ਨੂੰ ਦੋਸ਼ ਦੇਨੀਂ ਏਂ।

ਤ੍ਰਿੰਞਣ ਸਜਾ ਕੇ ਬੈਠੀਆਂ ਕੁੜੀਆਂ ਪਹੁ ਫੁਟਾਲੇ ਤਕ ਵਾਹੋ-ਦਾਹੀ ਚਰਖੇ ਕੱਤਦੀਆਂ ਰਹਿੰਦੀਆਂ। ਰਾਤ ਭਰ ਕਈ ਕਈ ਵਾਰ ਉੱਠ ਕੇ ਦੀਵਿਆਂ ਵਿੱਚ ਤੇਲ ਪਾਇਆ ਜਾਂਦਾ। ਪੰਜਾਬੀ ਸੱਭਿਆਚਾਰ ਵਿੱਚ ਆਪਸੀ ਮੇਲਜੋਲ, ਸਦਭਾਵਨਾ ਅਤੇ ਭਾਈਚਾਰੇ ਵਿੱਚ ਆਪਸੀ ਵਿਸ਼ਵਾਸ ਦਾ ਕਮਾਲ ਵੇਖੋ ਕਿ ਛੋਪ ਕੱਤ ਲੈਣ ਪਿੱਛੋਂ ਤ੍ਰਿੰਞਣ ਦੀਆਂ ਖ਼ੁਸ਼ੀਆਂ ਸਾਂਝੀਆਂ ਕਰ ਲੈਣ ਪਿੱਛੋਂ ਕੁੜੀਆਂ ਉੱਥੇ ਹੀ ਸੌਂ ਜਾਂਦੀਆਂ ਸਨ। ਦਿਨ ਚੜ੍ਹੇ ਆਪਣੇ-ਆਪਣੇ ਚਰਖੇ, ਕੱਤਿਆ ਸੂਤ ਅਤੇ ਕੱਤਣੀਆਂ ਲੈ ਕੇ ਕੁੜੀਆਂ ਘਰੋਂ-ਘਰੀ ਤੁਰ ਜਾਂਦੀਆਂ। ਸਿਆਲੀ ਰੁੱਤੇ ਅਜਿਹੇ ਤ੍ਰਿੰਞਣ ਜੁੜਨੇ, ਛੋਪ ਪੈਣੇ ਤੇ ਖ਼ੁਸ਼ੀਆਂ ਵੰਡਣੀਆਂ-ਵੰਡਾਉਣੀਆਂ ਬੜੀ ਆਮ ਗੱਲ ਹੁੰਦੀ ਸੀ। ਬਜ਼ੁਰਗ ਦੱਸਦੇ ਹਨ ਕਿ ਕਦੇ-ਕਦੇ ਅੱਠ ਪਹਿਰਾਂ ਵੀ ਕੱਤਿਆ ਜਾਂਦਾ ਸੀ। ਸੂਰਜ ਛਿਪਣ ਦੇ ਸਮੇਂ ਤ੍ਰਿੰਞਣ ਵਿੱਚ ਕੱਤਣਾ ਸ਼ੁਰੂ ਕਰਨ ਤੋਂ ਲੈ ਕੇ ਸਾਰੀ ਰਾਤ ਕੱਤਦਿਆਂ ਰਹਿਣ ਤੇ ਫਿਰ ਅਗਲੇ ਦਿਨ ਦੇ ਸੂਰਜ ਛਿਪਣ ਤੱਕ, ਅੱਠੇ ਪਹਿਰ ਤ੍ਰਿੰਞਣ ਵਿੱਚ ਕੱਤਣ ਦਾ ਸਿਲਸਿਲਾ ਚੱਲਦਾ ਰਹਿੰਦਾ ਸੀ।

ਬੇਸ਼ਕ ਇਹ ਬੀਤ ਗਏ ਸਮੇਂ ਦੀਆਂ ਗੱਲਾਂ ਹਨ, ਪਰ ਹੁਣ ਵੀ ਜਦੋਂ ਸੱਭਿਆਚਾਰਕ ਸਾਂਝ ਦਾ ਜ਼ਿਕਰ ਹੁੰਦਾ ਹੈ ਤਾਂ ਤ੍ਰਿੰਞਣ ਦੀ ਗੱਲ ਜ਼ਰੂਰ ਛਿੜਦੀ ਹੈ। ਤ੍ਰਿੰਞਣਾਂ ਨੂੰ ਯਾਦ ਕਰਕੇ ਬੀਤੇ ਸਮਿਆਂ ਦੇ ਸੁਖਾਵੇਂ ਅਨੁਭਵ ਦੀ ਕਲਪਨਾ ਸਹਿਜ ਹੀ ਕੀਤੀ ਜਾ ਸਕਦੀ ਹੈ। ਸਮਾਂ ਰੁਕਦਾ ਨਹੀਂ, ਇਤਿਹਾਸ ਵਿੱਚ ਸਾਂਭਿਆ ਜ਼ਰੂਰ ਜਾਂਦਾ ਹੈ:

ਪਾਣੀ ਜੋ ਅੱਜ ਪੱਤਣੋਂ ਲੰਘਦਾ
ਫੇਰ ਨਾ ਆਉਂਦਾ ਭਲਕੇ
ਬੇੜੀ ਦਾ ਪੂਰ, ਤ੍ਰਿੰਞਣ ਦੀਆਂ
ਕੁੜੀਆਂ ਫੇਰ ਨਾ ਬੈਠਣ ਰਲ ਕੇ।

ਹਰੇਕ ਸਮੇਂ ਦੀ ਅਟੱਲ ਸੱਚਾਈ ਕਹਿੰਦੀਆਂ ਉਪਰੋਕਤ ਤੁਕਾਂ ਤ੍ਰਿੰਞਣ ਦਾ ਮਹੱਤਵ ਵੀ ਦਰਸਾ ਜਾਂਦੀਆਂ ਹਨ ਤੇ ਬਹੁਤ ਕੁਝ ਸੋਚਣ ਲਈ ਵੀ ਮਜਬੂਰ ਕਰ ਦਿੰਦੀਆਂ ਹਨ। ਕਿਸੇ ਸਮੇਂ ਪੰਜਾਬ ਦੇ ਲੋਕ ਜੀਵਨ ਵਿੱਚ ਚਰਖਾ ਕੱਤਣ ਨੂੰ ਕੁੜੀਆਂ ਦਾ ਵੱਡਾ ਰੁਝੇਵਾਂ ਤੇ ਆਹਰ ਸਮਝਿਆ ਜਾਂਦਾ ਸੀ ਤੇ ਉਨ੍ਹਾਂ ਦੀ ਸ਼ਖ਼ਸੀਅਤ ਦਾ ਵਿਲੱਖਣ ਗੁਣ ਵੀ ਤਸੱਵਰ ਕੀਤਾ ਜਾਂਦਾ ਸੀ। ਹੁਣ ਇਹ ਗੱਲਾਂ ਭਾਵੇਂ ਬਹੁਤਾ ਮਹੱਤਵ ਨਹੀਂ ਰੱਖਦੀਆਂ, ਪਰ ਲੋਕਧਾਰਾ ਵਿੱਚ ਇਨ੍ਹਾਂ ਦਾ ਮਹੱਤਵ ਜਿਉਂ ਦਾ ਤਿਉਂ ਬਣਿਆ ਚਲਿਆ ਆ ਰਿਹਾ ਹੈ। ਕਿਸੇ ਦੇ ਕਹੇ ਪੁਰਾਣੇ ਬੋਲ ਅਜੇ ਵੀ ਯਾਦ ਆ ਜਾਂਦੇ ਹਨ:

ਜੋਗੀ ਉੱਤਰ ਪਹਾੜੋਂ ਆਇਆ
ਚਰਖੇ ਦੀ ਘੂਕ ਸੁਣ ਕੇ।

ਘਰਾਂ ਦੇ ਸਾਜ਼-ਸਾਮਾਨ ਵਿੱਚ ਚਰਖੇ ਦਾ ਮੌਜੂਦ ਹੋਣਾ ਬਹੁਤੀਆਂ ਹਾਲਤਾਂ ਵਿੱਚ ਮਾਣ ਮਹਿਸੂਸ ਕਰਨ ਵਾਲੀ ਗੱਲ ਸਮਝੀ ਜਾਂਦੀ ਸੀ। ਵਧੀਆ ਦਿੱਖ ਵਾਲਾ ਚਰਖਾ ਬਣਾਉਣ ਵਾਲੇ ਕਾਰੀਗਰ ਦੇ ਵੀ ਸੋਹਲੇ ਗਏ ਜਾਂਦੇ ਸਨ।

ਤ੍ਰਿੰਞਣ ਜੋੜਨ ਲਈ ਵਧੇਰੇ ਕਰਕੇ ਉਸ ਘਰ ਦੀ ਚੋਣ ਕੀਤੀ ਜਾਂਦੀ ਸੀ, ਜਿਸ ਘਰ ਵਿੱਚ ਦੋ-ਤਿੰਨ ਕੁੜੀਆਂ, ਜਿਨ੍ਹਾਂ ਨੇ ਤ੍ਰਿੰਞਣ ਵਿੱਚ ਕ

ਸ਼ਹਾਦਤ ਦੇ ਅਰਥ



• ਜੋਗਿੰਦਰ ਸਿੰਘ ਪ੍ਰਿੰਸੀਪਲ
90506-80370

'ਸ਼ਹੀਦ' ਸ਼ਬਦ ਫਾਰਸੀ ਦੇ ਸ਼ਬਦ 'ਸ਼ਾਹਿਦ' ਤੋਂ ਨਿਕਲਿਆ ਹੈ ਜਿਸ ਦੇ ਅਰਥ ਹਨ 'ਗਵਾਹ' (ਗੁਆਹ) ਜਾਂ 'ਜ਼ਾਮਨ'।

ਸ਼ਹਾਦਤ ਸ਼ਬਦ ਤੋਂ ਭਾਵ ਉਚੇਰੇ ਤੇ ਮਹਾਨ ਕਾਰਜਾਂ ਲਈ ਦਿੱਤੀ ਗਈ ਗਵਾਹੀ (ਗੁਆਹੀ) ਜਾਂ ਓਟੀ ਗਈ ਜ਼ਮਾਨਤ। ਵਾਸਤਵ 'ਚ ਸ਼ਹਾਦਤ ਮਹਾਨ ਉਦੇਸ਼ ਪੂਰਵਕ ਆਦਰਸ਼ ਤੇ ਲੋਕ ਜਨ-ਹਿੱਤ ਕਾਰਜਾਂ ਲਈ ਦਿੱਤੀ ਕੁਰਬਾਨੀ ਦੀ ਸਾਖੀ ਭਰਦੀ ਹੈ।

ਸ਼ਹਾਦਤ ਦਾ ਜਾਮਾ ਏ ਪਵਿੱਤਰ ਤੇ ਪੁਨੀਤਾ ਧਰਮ, ਨਿਆਇ ਤੇ ਪਰਉਪਕਾਰੀ ਪ੍ਰਿਵਰਤੀ ਇਸ ਦੀ ਵਾਸਤਵਿਕ ਪਛਾਣ ਹੁਣ ਸਿਦਕ ਤੇ ਈਮਾਨ ਇਸ ਦੇ ਸਾਰਥੀ ਹਨ। ਸਾਹਸ ਇਸ ਦੀ ਥੰਮ੍ਹੀ ਏ। ਮਨੋਬਲ ਇਸ ਦਾ ਮਹਾਂਰਥੀ ਏ। ਸੂਰਬੀਰਤਾ ਇਸ ਦੀ ਪਰਖ ਹੈ। ਕਾਇਰਤਾ ਇਸ ਨੂੰ ਡੰਗਦੀ ਤੇ ਡੱਸਦੀ ਹੈ। ਸਵੈਮਾਨ ਇਸ ਦਾ ਸ਼ਿੰਗਾਰ ਹੈ। ਹੱਕ ਇਸ ਦਾ ਨਾਅਰਾ ਹੈ, ਫਰਜ਼ ਇਸ ਦਾ ਮਸ਼ਾਲਚੀ ਏ। ਸ਼ਹਾਦਤ ਦਾ ਸ਼ਬਦ ਹੀ, ਦੀਵਾਨਿਆਂ, ਮਸਤਾਨਿਆਂ, ਪਰਵਾਨਿਆਂ, ਨੂੰ ਰੂਹ ਤਕ ਖਿੱਚ ਪਾਉਂਦਾ ਹੈ। ਸ਼ਹਾਦਤ ਜਿਹੀ ਪਵਿੱਤਰ ਭਾਵਨਾ ਤਾਂ ਕਿਸੇ ਉਚੇਰੇ ਤੇ ਸੁਚੇਰੇ ਕਾਰਜ ਦਾ ਸੰਦੇਸ਼ ਵਾਹਕ ਬਣ ਕੇ ਲਲਕਾਰਨ ਲਈ ਸਾਹਮਣੇ ਆ ਖੜ੍ਹੀ ਹੁੰਦੀ ਹੈ। ਚੇਤੇ ਰਹੇ, ਸ਼ਹਾਦਤ ਅਨਮੋਲ, ਅਮੁੱਕ ਤੇ ਅਰੁੱਕ ਭਾਵਪੂਰਵਕ ਹਾਵਾਂ-ਭਾਵਾਂ ਦੀ ਤਰਜਮਾਨੀ ਦੀ ਪ੍ਰਤੀਕ ਹੈ। ਆਓ ਜ਼ਰਾ ਸੋਚੀਏ ਕੀ ਰੂਪ-ਰੇਖਾ ਅਤੇ ਗੁਣਵਤਾ ਏ ਸ਼ਹਾਦਤ ਦੀ?

'ਸ਼ਹਾਦਤ' ਇਕ ਉਦੇਸ਼-ਪੂਰਵਕ ਦ੍ਰਿੜ ਸੰਕਲਪੀ ਅਤੇ ਮਾਨਵ ਹਿੱਤਕਾਰੀ ਕਿਰਿਆ ਹੈ ਜਾਂ ਫਿਰ ਇਹ ਕਿਸੇ ਜਨ-ਹਿੱਤ ਕਲਿਆਣਕਾਰੀ ਵਿਚਾਰਧਾਰਾ 'ਤੇ ਆਧਾਰਤ ਹੈ। ਪਰਉਪਕਾਰੀ ਮਨੋਰਥ ਇਸ ਦੇ ਹੱਡਾਂ 'ਚ ਰਚਿਆ ਹੈ। ਸਵੈਮਾਨ ਅਤੇ ਅਣਖ ਦੀ ਰਾਖੀ ਲਈ ਸੂਲਾਂ ਦੀ ਸੇਜ ਇਸ ਲਈ ਸ਼ੋਭਦਾ ਸ਼ਿੰਗਾਰ ਹੈ। ਜਨ-ਹਿੱਤਕਾਰੀ ਹੋਣ ਸਦਕਾ, ਇਹ ਨਿੱਜੀ ਹਿੱਤਾਂ ਤੋਂ ਉਚੇਰੀ ਏ।

ਸ਼ਹਾਦਤ, ਨਾ ਇਹ ਕਾਇਰ ਏ ਅਤੇ ਨਾ ਇਹ ਬੁਜ਼ਦਿਲ ਏ। ਇਹ ਤਾਂ ਵੈਰੀ ਦੇ ਦਲਾਂ 'ਚ ਭੜਥੂ ਪਾਉਣਾ ਜਾਣਦੀ ਏ। ਬੜ੍ਹਕਾ ਮਾਰਨੀਆਂ ਜਾਣਦੀ ਏ, ਫਟ ਲਾਉਣੇ ਜਾਣਦੀ ਏ, ਫਟ ਸਹਿਣੇ ਜਾਣਦੀ ਏ, ਆਹੂ ਲਾਹੁਣੇ ਜਾਣਦੀ ਏ ਤੇ ਖ਼ੂਨ ਦੀ ਹੋਲੀ ਖੇਡਦਿਆਂ ਮਾਰਨਾ ਜਾਂ ਆਪ ਮਰ ਮਿੱਟਣਾ ਵੀ ਜਾਣਦੀ ਏ।

ਬਹੁਤੀ ਵਾਰੀ ਦੇਸ਼ ਭਗਤੀ ਦੀ ਮੈਅ ਦੇ ਜਾਮ ਪੀਣ ਲਈ ਦੀਵਾਨੇ, ਮਸਤਾਨੇ, ਪਰਵਾਨੇ ਅਤੇ ਮਰਜੀਵੜੇ, ਦਾਰ ਤੇ ਚੜ੍ਹਨ ਲਈ ਕਿੰਨੇ ਉਤਾਵਲੇ ਹੁੰਦੇ ਹਨ। ਸੱਚ ਜਾਣੋ, ਸ਼ਹਾਦਤ ਇਕ ਪਾਕ-ਪਵਿੱਤਰ ਅਤੇ ਸੱਚੀ-ਸੁੱਚੀ ਧਾਰਨਾ ਦੀ ਦਾਅਵੇਦਾਰ ਹੈ। ਇਹ ਪ੍ਰਤੀਕ ਏ ਉੱਮਡਦੇ ਹੋਏ ਅਮੁੱਕ ਅਤੇ ਅਰੁੱਕ ਤੂਫ਼ਾਨੀ ਵਲਵਲੇ ਦੀ। ਬਹੁਤੀ ਵਾਰੀ ਅਜਿਹੇ ਵਲਵਲਿਆਂ ਦੇ ਵਹਾਉ ਨੂੰ ਠੱਲ੍ਹਣਾ ਅਸੰਭਵ। ਸ਼ਹਾਦਤ ਦਾ ਜਜ਼ਬਾ 'ਗਲ਼ੀ ਯਾਰ ਦੀ ਪਹੁੰਚਣਾ' ਵੀ ਜਾਣਦਾ ਹੈ ਅਤੇ ਮੌਤ ਲਾੜੀ ਨੂੰ ਵਰ੍ਹਨਾ ਵੀ ਜਾਣਦਾ ਹੈ।

ਸ਼ਹਾਦਤ ਦਾ ਜਜ਼ਬਾ ਭਾਈ ਮਨੀ ਸਿੰਘ ਦੀ ਤਰ੍ਹਾਂ ਬੰਦ-ਬੰਦ ਕਟਵਾ ਸਕਦਾ ਹੈ, ਭਾਈ ਤਾਰੂ ਸਿੰਘ ਦੀ ਤਰ੍ਹਾਂ ਖੋਪਰੀ ਲੁਹਾ ਸਕਦਾ ਹੈ, ਭਾਈ ਮਤੀ ਦਾਸ ਦੀ ਤਰ੍ਹਾਂ ਆਰੇ ਲਾਲ ਤਨ ਚਰਵਾ ਸਕਦਾ ਹੈ, ਗੁਰੂ ਅਰਜਨ ਦੇਵ ਜੀ ਦੀ ਤਰ੍ਹਾਂ ਕੋਮਲ ਕਾਇਆ 'ਤੇ ਰੇਤ ਦੇ ਕੜਛੇ ਪਵਾ ਸਕਦਾ ਹੈ, ਭਾਈ ਦਿਆਲੇ ਦੀ ਤਰ੍ਹਾਂ ਦੇਗ਼ 'ਚ ਉਬਾਲੇ ਖਾਂ ਸਕਦਾ ਹੈ ਅਤੇ ਗੁਰੂ ਗੋਬਿੰਦ ਸਿੰਘ ਦੀ ਤਰ੍ਹਾਂ ਆਪਣਾ ਸਰਬੰਸ ਕੁਰਬਾਨ ਸਕਦਾ ਹੈ।

ਸੁਣੋ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਰੂਹ 'ਚ ਨਿਕਲੇ ਅਮਰ ਬੋਲ

ਹਮੇਂ ਭੀ ਯਾਦ ਰੱਖੇਂ ਜਬ ਲਿਖੇ ਤਾਰੀਖ਼ ਗੁਲਸ਼ਨ ਕੀ
ਕਿ ਹਮ ਭੀ ਲੁਟਾਇਆ ਥਾ ਚਮਨ ਮੇਂ ਆਸ਼ਿਆਂ ਆਪਣਾ। •

5 ਜਨਵਰੀ ਨੂੰ ਜ਼ਫ਼ਰਨਾਮਾ ਦਿਵਸ 'ਤੇ ਵਿਸ਼ੇਸ਼

ਜ਼ੁਲਮ ਵਿਰੁੱਧ ਗੁਰੂ ਗੋਬਿੰਦ ਸਿੰਘ ਦੀ ਚਿੱਠੀ ਜ਼ਫ਼ਰਨਾਮਾ



ਸਰਬੰਸ ਵਾਰ ਕੇ ਗੁਰੂ ਜੀ ਨੇ ਅਕਾਲ ਪੁਰਖ਼ ਦਾ ਸ਼ੁਕਰਾਨਾ ਕਰਦਿਆਂ ਬਾਦਸ਼ਾਹ ਔਰੰਗਜ਼ੇਬ ਵਲੋਂ ਕੀਤੇ ਜੁਲਮਾਂ, ਵਧੀਕੀਆਂ ਵਿਰੁੱਧ ਜ਼ਫ਼ਰਨਾਮਾ ਲਿਖ ਕੇ ਆਪਣੇ ਸਿੱਖ ਭਾਈ ਦਿਆ ਸਿੰਘ ਅਤੇ ਭਾਈ ਧਰਮ ਸਿੰਘ ਰਾਹੀਂ 5 ਜਨਵਰੀ 1706 ਨੂੰ ਬਾਦਸ਼ਾਹ ਔਰੰਗਜ਼ੇਬ ਨੂੰ ਭੇਜ ਦਿੱਤਾ। ਗੁਰੂ ਜੀ ਜ਼ਫ਼ਰਨਾਮਾ ਭੇਜਣ ਉਪਰੰਤ ਅੱਗੇ ਚੱਲ ਪਏ ਤੇ ਮੁਕਤਸਰ ਵਿਖੇ ਮੁਗ਼ਲਾਂ ਨਾਲ ਆਖਰੀ ਲੜਾਈ ਲੜੀ ...

• ਗਿਆਨ ਸਿੰਘ
ਮੋਬਾਈਲ 9815784100

ਗੁਰੂ ਗੋਬਿੰਦ ਸਿੰਘ ਜੀ ਪਰਿਵਾਰ ਸਮੇਤ ਸ੍ਰੀ ਅਨੰਦਪੁਰ ਨੂੰ ਛੱਡਕੇ ਰਸਤੇ ਵਿਚ ਲੜਾਈਆਂ ਲੜਦੇ ਅਤੇ ਸੰਗਤਾਂ ਦਾ ਪਾਰਉਤਾਰਾ ਕਰਦੇ ਹੋਏ ਤਖਤੂਪੁਰਾ ਪੁੱਜੇ। ਗੁਰੂ ਸਾਹਿਬ ਦੇ ਅਨਿਨ ਸਿੱਖ ਭਾਈ ਦੇਸੂ ਤਰਖਾਣ ਪਿੰਡ ਦੀਨਾ ਨਿਵਾਸੀ ਆਪਣੇ ਰੱਥ 'ਤੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਗੁਰੂ ਸਾਹਿਬ ਦੇ ਦਰਸ਼ਨਾਂ ਲਈ ਜਾਇਆ ਕਰਦੇ ਸਨ। ਗੁਰੂ ਸਾਹਿਬ ਨੇ ਆਪਣੇ ਸਿੱਖ ਭਾਈ ਦਿਆ ਸਿੰਘ ਨੂੰ ਤਖਤੂਪੁਰਾ ਤੋਂ ਪਿੰਡ ਦੀਨਾ ਵਿਖੇ ਭਾਈ ਦੇਸੂ ਕੋਲ ਰੱਥ ਲੈਣ ਲਈ ਭੇਜ ਦਿੱਤਾ। ਮਾਛੀਵਾੜੇ ਦੇ ਜੰਗਲਾਂ ਵਿਚ ਗੁਰੂ ਜੀ ਦੇ ਪੈਰ ਵਿਚ ਕੰਡਾ ਲੱਗਣ ਕਰਕੇ ਪੈਰ ਪੱਕ ਗਿਆ ਸੀ ਜਿਸ ਕਰਕੇ ਤੁਰਨਾ ਮੁਸ਼ਕਿਲ ਸੀ। ਗੁਰੂ ਜੀ ਦਾ ਸੰਦੇਸ਼ ਮਿਲਦਿਆਂ ਭਾਈ ਦੇਸੂ ਅਤੇ ਉਸਦਾ ਭਾਈ ਹਰਦਿੱਤਾ ਆਪਣਾ ਰੱਥ ਲੈ ਕੇ ਗੁਰੂ ਜੀ ਨੂੰ ਲੈਣ ਲਈ ਤਖਤੂਪੁਰਾ ਪੁੱਜ ਗਏ। ਗੁਰੂ ਸਾਹਿਬ ਪਹਿਲਾਂ ਪਿੰਡ ਮਧੇਕੇ ਵਿਖੇ ਆਪਣੇ ਪੈਰ ਦਾ ਇਲਾਜ ਕਰਵਾਉਣ ਲਈ ਹਕੀਮ ਪਾਸ ਗਏ ਜਿੱਥੇ ਗੁਰਦੁਆਰਾ 'ਪਾਕਾ ਸਾਹਿਬ' ਸੁਸ਼ੋਭਿਤ ਹੈ, ਉਸ ਤੋਂ ਪਿੱਛੋਂ ਪਿੰਡ ਦੀਨਾ ਸਾਹਿਬ ਪੁੱਜੇ। ਇਹ ਗੱਲ 1705 ਦੀ ਹੈ, ਪਿੰਡ ਦੀਨਾ (ਕਾਂਗੜ) ਵਿਖੇ ਪਹੁੰਚਣ ਤਕ ਗੁਰੂ ਸਾਹਿਬ ਧਰਮ ਬਚਾਉਣ ਖ਼ਾਤਰ ਜ਼ੁਲਮ ਦੇ ਖ਼ਿਲਾਫ਼ ਆਪਣਾ ਸਾਰਾ ਪਰਿਵਾਰ ਅਤੇ ਚੋਣਵੇਂ ਸਿੱਖਾਂ ਦੀਆਂ ਕੁਰਬਾਨੀਆਂ ਦੇ ਚੁੱਕੇ ਸਨ। ਪਿੰਡ ਦੀਨਾ ਵਿਖੇ ਰਾਏ ਜੋਧ, ਜਿਸ ਨੇ ਛੇਵੇਂ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਜੰਗ ਵਿਚ ਸਹਾਇਤਾ ਕੀਤੀ ਸੀ, ਦੇ ਪੋਤਰੇ ਸ਼ਮੀਰ, ਲੱਖਮੀਰ ਅਤੇ ਤਖ਼ਤਮਲ ਨੇ ਗੁਰੂ ਜੀ ਦਾ ਬਹੁਤ ਆਦਰ ਸਤਿਕਾਰ ਕੀਤਾ। ਗੁਰੂ ਗੋਬਿੰਦ ਸਿੰਘ ਜੀ ਗੁਰੂ ਘਰ ਦੇ ਅਨਿਨ ਸਿੱਖ ਭਾਈ ਦੇਸੂ ਤਰਖਾਣ ਦੇ ਘਰ ਚੁਬਾਰੇ ਵਿਚ ਠਹਿਰ ਗਏ। ਇਥੇ ਵਜ਼ੀਰ ਖ਼ਾਂ ਸੂਬਾ ਸਰਹਿੰਦ ਵਲੋਂ ਸ਼ਮੀਰ, ਲੱਖਮੀਰ ਅਤੇ ਤਖ਼ਤਮਲ ਨੂੰ ਹੁਕਮਨਾਮਾ ਭੇਜਿਆ ਗਿਆ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਬੰਨ੍ਹਕੇ ਸਰਹਿੰਦ ਪਹੁੰਚਾਇਆ ਜਾਵੇ ਨਹੀਂ ਤਾਂ ਫ਼ੌਜ ਦੀ ਚੜ੍ਹਾਈ ਕਰਕੇ ਗੁਰੂ ਸਮੇਤ ਤੁਹਾਡੇ ਪਿੰਡ ਦਾ ਖਾਤਮਾ ਕਰ ਦਿੱਤਾ ਜਾਵੇਗਾ। ਗੁਰੂ ਸਾਹਿਬ ਦੇ ਅਨਿਨ ਸਿੱਖਾਂ ਨੂੰ ਹੁਕਮਨਾਮਾ ਪੜ੍ਹਕੇ ਸੀਨੇ ਵਿਚ ਅੱਗ ਭੜਕ ਉਠੀ। ਉਨ੍ਹਾਂ ਵਜ਼ੀਰ ਖ਼ਾਂ ਸੂਬਾ ਸਰਹਿੰਦ ਨੂੰ ਹੁਕਮਨਾਮੇ ਦਾ ਜਵਾਬ ਭੇਜਿਆ ਕਿ, "ਜਿਸ ਤਰ੍ਹਾਂ ਤੁਸੀ ਆਪਣੇ ਪੀਰਾਂ/ਪੈਗੰਬਰਾਂ ਦਾ ਸਤਿਕਾਰ ਕਰਦੇ ਹੋ ਇਵੇਂ ਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਾਡੇ ਗੁਰੂ (ਪੀਰ) ਹਨ ਅਤੇ ਅਸੀਂ ਆਪਣੇ ਗੁਰੂ ਦੀ ਸੇਵਾ ਕਰਨਾ ਆਪਣਾ ਫ਼ਰਜ਼ ਸਮਝਦੇ ਹਾਂ"। ਗੁਰੂ ਸਾਹਿਬ ਨੇ ਇਥੋਂ ਜਾਣ ਦਾ ਮਨ ਬਣਾ ਲਿਆ ਸੀ ਪਰ ਉਨ੍ਹਾਂ ਨੂੰ ਜਾਣ ਨਹੀਂ ਦਿੱਤਾ ਗਿਆ। ਗੁਰੂ ਸਾਹਿਬ ਪਿੰਡ ਦੀਨਾ ਵਿਖੇ ਤਿੰਨ ਮਹੀਨੇ ਤੇਰਾਂ ਦਿਨ ਠਹਿਰੇ। ਜਦੋਂ ਸਿੱਖਾਂ ਨੂੰ ਗੁਰੂ ਜੀ ਬਾਰੇ ਪਤਾ ਲੱਗਾ ਕਿ ਉਹ ਪਿੰਡ ਦੀਨਾ ਵਿਖੇ ਹਨ ਤਾਂ ਸਿੰਘਾਂ ਨੇ ਵਹੀਰਾਂ ਘੱਤ ਲਈਆਂ। ਗੁਰੂ ਸਾਹਿਬ ਨੇ ਮੁੜ ਤੋਂ ਆਪਣੀ ਫ਼ੌਜ ਨੂੰ ਸੰਗਠਤ ਕਰਨ ਲਈ ਸੰਗਤਾਂ ਨੂੰ ਹੁਕਮਨਾਮੇ ਭੇਜ ਦਿੱਤੇ।

ਸਰਬੰਸ ਵਾਰ ਕੇ ਗੁਰੂ ਜੀ ਨੇ ਅਕਾਲ ਪੁਰਖ਼ ਦਾ ਸ਼ੁਕਰਾਨਾ ਕਰਦਿਆਂ ਬਾਦਸ਼ਾਹ ਔਰੰਗਜ਼ੇਬ ਵਲੋਂ ਕੀਤੇ ਜ਼ੁਲਮਾਂ, ਵਧੀਕੀਆਂ ਵਿਰੁੱਧ ਜ਼ਫ਼ਰਨਾਮਾ (ਜਿੱਤ ਦਾ ਚਿੱਠਾ) ਲਿਖ ਕੇ ਆਪਣੇ ਸਿੱਖ ਭਾਈ ਦਿਆ ਸਿੰਘ ਅਤੇ ਭਾਈ ਧਰਮ ਸਿੰਘ ਰਾਹੀਂ 5 ਜਨਵਰੀ 1706 ਨੂੰ ਬਾਦਸ਼ਾਹ ਔਰੰਗਜ਼ੇਬ ਨੂੰ ਭੇਜ ਦਿੱਤਾ। ਗੁਰੂ ਸਾਹਿਬ ਨੇ ਜ਼ਫ਼ਰਨਾਮੇ ਵਿਚ ਲਿਖ ਕੇ ਭੇਜਿਆ ਕਿ, " ਔਰੰਗਜ਼ੇਬ ਤੂੰ ਬਾਦਸ਼ਾਹ ਹੈਂ ਅਤੇ ਤੂੰ ਕੁਰਾਨ ਸ਼ਰੀਫ ਦੀਆਂ ਝੂਠੀਆਂ ਕਸਮਾਂ ਖਾਧੀਆਂ। ਮੇਰੇ ਸਿੰਘਾਂ ਅਤੇ ਮੇਰੇ ਪਰਿਵਾਰ ਦੀਆਂ ਕੁਰਬਾਨੀਆਂ ਲੈ ਕੇ ਆਪਣੇ ਆਪ ਨੂੰ ਬਹੁਤ ਵੱਡਾ ਸਮਝਦਾ ਹੋਵੇਗਾ? ਪਰ ਸੁਣ,

"ਨ ਦਾਨਮ ਕਿ ਈ ਮਰਦ ਪੈਮਾਂ ਸਿਕਨ। ਕਿ ਦੌਲਤ ਪਰੇਸਤ ਅਸਤੋਂ ਈਮਾਂ ਫਿਸਨ।।"

(ਮੈਂ ਨਹੀਂ ਜਾਣਦਾ ਕਿ ਇਹ ਆਦਮੀ ਵਟਾਂਦਰਾ ਹੋ ਜਾਵੇ :-

"ਕਿ ਤਸਰੀਫ ਦਰ ਕਸਬਹ ਕਾਂਗੜ ਕੁਨਦ। ਵਜਾਂ ਪਸ ਮੁਲਾਕਾਤ ਬਾਹਮ ਸਵਦ।।"

ਗੁਰੂ ਸਾਹਿਬ ਨੇ ਇਹ ਵੀ ਬਾਦਸ਼ਾਹ ਔਰੰਗਜ਼ੇਬ ਨੂੰ ਲਿਖ ਦਿੱਤਾ ਕੀ ਹੋਇਆ ਜੇ ਤੂੰ ਚਾਰ ਬੱਚਿਆਂ ਨੂੰ ਮਾਰ ਦਿੱਤਾ ਹੈ, ਅਜੇ ਜ਼ਹਿਰੀ ਸੱਪ ਬਾਕੀ ਰਹਿ ਗਿਆ ਹੈ :-

ਗੁਰੂ ਸਾਹਿਬ ਨੇ ਨਾਲ ਹੀ ਇਹ ਤਾਹਨਾ ਮਾਰਿਆ ਕਿ ਸੱਚ ਦੀ ਪਛਾਣ ਕਰ, ਕਿੱਥੇ ਨੇ ਬਾਦਸ਼ਾਹ ਤੇ ਪੀਰ/ਪੈਗੰਬਰ ਜੋ ਤੈਥੋਂ ਪਹਿਲਾਂ ਆਏ। ਤੇਰੇ ਹੱਥ ਕੁੱਝ ਨਹੀਂ, ਜਿਸ ਦਾ ਅਕਾਲ ਪੁਰਖ਼ ਸਹਾਈ ਹੋਵੇ ਉਸ ਨੂੰ ਤੇਰੇ ਜੇਹੇ ਬਾਦਸ਼ਾਹ ਕੀ ਕਰ ਸਕਦੇ ਹਨ :-

"ਚੁ ਹਕ ਯਾਰ ਬਾਸਦ ਚਿ ਦੁਸਮਨ ਬਚਨ ਦੇ ਤੋੜਨ ਵਾਲਾ, ਟਕੇ ਦਾ ਮੁਰੀਦ ਅਤੇ ਧਰਮ ਦੇ ਸੁੱਟਣ ਵਾਲਾ ਹੈ)

"ਨ ਈਮਾਂ ਪ੍ਰਸਤੀ ਨ ਐਜਾਇ ਦੀਣ। ਨ ਸਾਹਿਬ ਸਨਾਸੀ ਨਾ ਮੁਹੰਮਦ ਯਕੀਨ।।"

(ਨਾ ਤੂੰ ਧਰਮ ਦੀ ਪਾਲਣਾ ਕਰਨ ਵਾਲਾ ਹੈ, ਨਾ ਦੀਨਦਾਰ ਹੈ, ਨਾ ਮਾਲਕ ਨੂੰ ਪਛਾਣਦਾ ਹੈ ਅਤੇ ਨਾ ਹੀ ਮੁਹੰਮਦ (ਸਾਹਿਬ) ਉੱਤੇ ਤੇਰਾ ਭਰੋਸਾ ਹੈ)

ਗੁਰੂ ਸਾਹਿਬ ਨੇ ਅੱਗੇ ਲਿਖਿਆ ਕਿ,

"ਹੰਮੂ ਮਰਦ ਬਾਯਦ ਸਵਦ ਸੁਖਨਵਰ। ਨਾ ਸਿਕਮ ਦਿਗਰ ਦਰ ਦਹਾਨੇ ਦਿਗਰ।।"

(ਆਦਮੀ ਅਜੇਹਾ ਹੋਣਾ ਚਾਹੀਦਾ ਹੈ ਜੋ ਬਚਨ ਦਾ ਪੱਕਾ ਹੋਵੇ, ਐਸਾ ਨਹੀਂ ਦਿਲ ਵਿਖੇ ਹੋਰ ਤੇ ਮੂੰਹ ਵਿਖੇ ਹੋਰ)

ਗੁਰੂ ਸਾਹਿਬ ਨੇ ਬਾਦਸ਼ਾਹ ਔਰੰਗਜ਼ੇਬ ਨੂੰ ਲਿਖਿਆ ਕਿ ਤੈਨੂੰ ਡਰਨ ਦੀ ਲੋੜ ਨਹੀਂ, ਜੇ ਤੂੰ ਅਕਾਲਪੁਰਖ਼ 'ਤੇ ਭਰੋਸਾ ਕਰਦਾ ਹੈ ਤਾਂ ਮੈਨੂੰ ਇਥੇ (ਦੀਨੇ/ਕਾਂਗੜ) ਆ ਕੇ ਮਿਲ, ਤੈਨੂੰ ਕਿਸੇ ਤਰ੍ਹਾਂ ਦਾ ਡਰ ਨਹੀਂ ਹੋਣਾ ਚਾਹੀਦਾ, ਜੇ ਤੂੰ ਇਥੇ ਆ ਜਾਵੇ ਤਾਂ ਤੇਰੇ ਨਾਲ ਖੁੱਲ੍ਹਕੇ ਵਿਚਾਰ



"ਚਿਹਾ ਸੁਦ ਕਿ ਚੂੰ ਬੱਚਗਾਂ ਕੁਸਤਾ ਚਾਰ। ਕਿ ਬਾਕੀ ਬਿਮਾਂਦਹ ਅਸਤ ਪੇਚੀਦਾ ਮਾਰ।।"

ਪਰ ਨਾਲ ਹੀ ਗੁਰੂ ਸਾਹਿਬ ਨੇ ਲਿਖ ਭੇਜਿਆ ਕਿ ਜੇ ਹੁਣ ਤੂੰ ਕੁਰਾਨ ਦੀਆਂ ਸੌ ਸੌਹਾਂ ਖਾਵੇ ਤਾਂ ਵੀ ਮੈਨੂੰ ਛਿਣ ਭਰ ਇਸ ਦਾ ਭਰੋਸਾ ਨਹੀਂ :-

"ਅਗਰ ਸਦ ਕੁਰਾਂ ਰਾ ਬਖ਼ੁਰਦੀ ਕਸਮ। ਮਰਾ ਏਤਬਾਰੇ ਨ ਯਕ ਜਰਹ ਦਮ।।"


ਭਾਈ ਦਿਆ ਸਿੰਘ ਨੇ ਜ਼ਫ਼ਰਨਾਮਾ ਬਾਦਸ਼ਾਹ ਔਰੰਗਜ਼ੇਬ ਨੂੰ ਦੱਖਣ ਵਿਚ ਕਲੌਰ ਵਿਖੇ ਪਹੁੰਚਾ ਦਿੱਤਾ। ਬਾਦਸ਼ਾਹ ਨੇ ਜ਼ਫ਼ਰਨਾਮਾ ਪੜ੍ਹਿਆ ਤਾਂ ਬਹੁਤ ਪ੍ਰਭਾਵਿਤ ਹੋਇਆ। ਬਾਦਸ਼ਾਹ ਔਰੰਗਜ਼ੇਬ ਨੇ ਗੁਰੂ ਜੀ ਨੂੰ ਮਿਲਣ ਦੀ ਇੱਛਿਆ ਪ੍ਰਗਟ ਕੀਤੀ ਅਤੇ ਲਾਹੌਰ ਦਰਬਾਰ ਦੇ ਵਿਸ਼ੇਸ਼ ਰਾਜਦੂਤ ਨਾਇਬ ਸੂਬੇਦਾਰ ਸ੍ਰੀ ਮੁਨੀਮ ਖ਼ਾਨ ਨੂੰ ਸ਼ਾਹੀ ਹੁਕਮ ਦਿੱਤਾ ਕਿ ਉਹ ਗੁਰੂ ਜੀ ਨੂੰ ਲੈ ਕੇ ਉਨ੍ਹਾਂ ਕੋਲ ਪਹੁੰਚਣ ਅਤੇ ਉਨ੍ਹਾਂ ਨੂੰ ਪਹੁੰਚਾਉਣ ਲਈ ਪੂਰੇ ਸੁਰੱਖਿਆ ਪ੍ਰਬੰਧ ਕਰਨ।

ਗੁਰੂ ਗੋਬਿੰਦ ਸਿੰਘ ਜੀ ਜ਼ਫ਼ਰਨਾਮਾ ਭੇਜਣ ਉਪਰੰਤ ਅੱਗੇ ਚੱਲ ਪਏ ਅਤੇ ਮੁਕਤਸਰ ਵਿਖੇ ਮੁਗ਼ਲਾਂ ਨਾਲ ਆਖਰੀ ਲੜਾਈ ਲੜੀ ਤੇ ਦਮਦਮਾ ਸਾਹਿਬ (ਸਾਬੋ ਕੀ ਤਲਵੰਡੀ) ਚਲੇ ਗਏ, ਜਿੱਥੇ ਗੁਰੂ ਸਾਹਿਬ ਨੂੰ ਬਾਦਸ਼ਾਹ ਔਰੰਗਜ਼ੇਬ ਦਾ ਸੰਦੇਸ਼ ਪ੍ਰਾਪਤ ਹੋਇਆ ਤਾਂ ਉਹ ਦੱਖਣ ਵੱਲ ਬਾਦਸ਼ਾਹ ਔਰੰਗਜ਼ੇਬ ਨੂੰ ਮਿਲਣ ਲਈ ਚੱਲ ਪਏ। ਗੁਰੂ ਜੀ ਜਦੋਂ ਭਰੋਂਰ ਵਿਖੇ ਪਹੁੰਚੇ ਤਾਂ ਉਨ੍ਹਾਂ ਨੂੰ ਪਤਾ ਲੱਗਾ ਕਿ ਰਾਜਧਾਨੀ ਵਿਚ ਬਾਦਸ਼ਾਹ ਔਰੰਗਜ਼ੇਬ ਚੱਲ ਵਸੇ ਸਨ।

ਸੱਚਮੁੱਚ ਗੁਰੂ ਸਾਹਿਬ ਵਲੋਂ ਬਾਦਸ਼ਾਹ ਔਰੰਗਜ਼ੇਬ ਦੀਆਂ ਕਮਜ਼ੋਰੀਆਂ ਖੋਲ੍ਹਕੇ ਲਿਖਣ ਵਾਲੀ ਚਿੱਠੀ "ਜ਼ਫ਼ਰਨਾਮਾ" ਬਾਦਸ਼ਾਹ ਲਈ ਮਾਰੂ ਸਾਬਤ ਹੋਈ।

ਮੁਸਲਮਾਨ ਸੂਫ਼ੀ ਸੰਤ ਗ਼ੁਲਾਮ ਹੈਦਰ ਕਾਦਰੀ (9417123883) ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਰਚਿਤ ਬਾਣੀ ਦਾ ਪ੍ਰਚਾਰ ਕੀਤਾ ਜਾ ਰਿਹਾ ਹੈ। ਉਨ੍ਹਾਂ ਇਹ ਜਾਣਕਾਰੀ ਦਿੱਤੀ ਕਿ ਪਿਛਲੇ ਦਿਨੀਂ ਇਰਾਨ ਤੋਂ ਇਕ ਵਫਦ (ਜਮਾਤ) ਮਲੇਰਕੋਟਲਾ ਵਿਖੇ ਆਇਆ ਸੀ, ਉਨ੍ਹਾਂ ਨੇ ਉਨ੍ਹਾਂ ਦੇ ਭਰਾ ਡਾਕਟਰ ਨਜ਼ੀਰ ਅਖ਼ਤਰ ਨਾਲ ਵਿਸ਼ੇਸ਼ ਮੁਲਾਕਾਤ ਦੌਰਾਨ ਦੱਸਿਆ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਫਾਰਸੀ/ਪਰਸੀਅਨ ਭਾਸ਼ਾ ਵਿਚ ਰਚਿਤ ਅਕਾਲ ਉਸਤਿਤ ਨਾਲ ਆਰੰਭ ਜ਼ਫ਼ਰਨਾਮੇ ਦਾ ਮੁਸਲਮਾਨਾਂ ਵਲੋਂ ਬਹੁਤ ਸਤਿਕਾਰ ਕੀਤਾ ਜਾਂਦਾ ਹੈ। ਇਰਾਨ ਯੂਨੀਵਰਸਟੀ ਨੇ ਇਸ ਜ਼ਫ਼ਰਨਾਮੇ ਨੂੰ ਮਾਨਤਾ ਦੇ ਕੇ ਵਿਦਿਆਰਥੀਆਂ ਦੇ ਪਾਠ ਕਰਮ ਵਿਚ ਸ਼ਾਮਿਲ

ਹਾਈ ਕੋਰਟ ਵੱਲੋਂ ਪੀ ਸੀ ਐੱਸ ਭਰਤੀ ਪ੍ਰਕਿਰਿਆ 'ਤੇ ਰੋਕ



ਚੰਡੀਗੜ੍ਹ, 20 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਵੀਰਵਾਰ ਨੂੰ ਪੀ.ਸੀ.ਐੱਸ. ਅਤੇ ਅਲਾਇਡ ਸਰਵਿਸਿਜ਼ ਭਰਤੀ ਪ੍ਰਕਿਰਿਆ 'ਤੇ ਰੋਕ ਲਗਾ ਦਿੱਤੀ। ਜਸਟਿਸ ਸੰਦੀਪ ਮੌਦਗਿਲ ਦੇ ਇਹ ਨਿਰਦੇਸ਼ ਪੰਜਾਬ ਲੋਕ ਸੇਵਾ ਕਮਿਸ਼ਨ ਵੱਲੋਂ ਕਰਵਾਈ ਗਈ ਚੋਣ ਪ੍ਰਕਿਰਿਆ ਵਿੱਚ ਬੇਨਿਯਮੀਆਂ ਦੇ ਦੋਸ਼ ਲਗਾਉਣ ਵਾਲੀਆਂ ਅਤੇ ਮਾਮਲੇ ਦੀ ਸੁਤੰਤਰ ਜਾਂਚ ਦੀ ਮੰਗ ਕਰਨ ਵਾਲੀਆਂ ਪਟੀਸ਼ਨਾਂ 'ਤੇ ਸੁਣਵਾਈ ਦੌਰਾਨ ਆਏ ਹਨ।

ਪਟੀਸ਼ਨਾਂ ਵਿੱਚ 3 ਜਨਵਰੀ, 2025 ਦੇ ਇਸ਼ਤਿਹਾਰ ਰਾਹੀਂ ਸ਼ੁਰੂ ਕੀਤੀ ਗਈ ਭਰਤੀ ਅਤੇ 4 ਨਵੰਬਰ ਨੂੰ ਐਲਾਨੇ ਗਏ ਮੁੱਖ ਪ੍ਰੀਖਿਆ (mains) ਦੇ ਨਤੀਜੇ ਨੂੰ ਚੁਣੌਤੀ ਦਿੱਤੀ ਗਈ ਹੈ, ਜਿਸ ਵਿੱਚ 751 ਉਮੀਦਵਾਰਾਂ ਨੂੰ ਸ਼ਾਰਟਲਿਸਟ ਕੀਤਾ ਗਿਆ ਸੀ। ਮੁੱਖ ਇਤਰਾਜ਼ਾਂ ਵਿੱਚੋਂ ਇੱਕ ਸ਼ਾਰਟਲਿਸਟ ਕੀਤੇ ਗਏ ਉਮੀਦਵਾਰਾਂ ਦੀ ਸੂਚੀ ਵਿੱਚ ਲਗਾਤਾਰ ਰੋਲ ਨੰਬਰਾਂ ਦੇ ਸਮੂਹਾਂ ਨਾਲ ਸਬੰਧਤ ਹੈ।

ਪਟੀਸ਼ਨਕਰਤਾਵਾਂ ਨੇ ਦੋਸ਼ ਲਗਾਇਆ ਹੈ ਕਿ ਚੋਣ ਸੂਚੀ ਵਿੱਚ ਤਿੰਨ ਜਾਂ ਵੱਧ ਲਗਾਤਾਰ ਰੋਲ ਨੰਬਰਾਂ ਦੇ ਛੱਬੀ ਸਮੂਹ ਦਿਖਾਈ ਦਿੰਦੇ ਹਨ, ਜਿਨ੍ਹਾਂ ਵਿੱਚ 86 ਸ਼ਾਰਟਲਿਸਟ ਕੀਤੇ ਗਏ ਉਮੀਦਵਾਰ ਸ਼ਾਮਲ ਹਨ। ਉਨ੍ਹਾਂ ਨੇ 270 ਉਮੀਦਵਾਰਾਂ ਵਾਲੇ ਲਗਾਤਾਰ ਰੋਲ ਨੰਬਰਾਂ ਦੇ 118 ਸਮੂਹਾਂ ਦੀ ਹੋਰ ਪਛਾਣ ਕੀਤੀ ਹੈ, ਅਜਿਹਾ ਅੰਕੜਾ ਜਿਸ ਨੂੰ, ਨੋਟ ਦੇ ਅਨੁਸਾਰ, ਕਮਿਸ਼ਨ ਨੇ ਸਵੀਕਾਰ ਕੀਤਾ ਹੈ।

ਪਟੀਸ਼ਨਕਰਤਾਵਾਂ ਦੀ ਨੁਮਾਇੰਦਗੀ ਸੀਨੀਅਰ ਵਕੀਲਾਂ ਚੇਤਨ ਮਿੱਤਲ, ਅਮਿਤ ਝਾਂਜੀ ਅਤੇ ਜੀ.ਕੇ. ਮਾਨ ਨੇ ਕੀਤੀ। ਪਟੀਸ਼ਨਕਰਤਾਵਾਂ ਨੇ ਨਤੀਜੇ ਵਿੱਚ ਸ਼੍ਰੇਣੀ-ਵਾਰ (category-wise) ਵੰਡ ਨਾ ਹੋਣ 'ਤੇ ਵੀ ਸਵਾਲ ਉਠਾਏ ਹਨ, ਇਹ ਦੋਸ਼ ਲਾਇਆ ਕਿ ਮੁੱਢਲੀ ਅਤੇ ਮੁੱਖ ਪ੍ਰੀਖਿਆਵਾਂ ਵਿੱਚ ਵੱਖ-ਵੱਖ ਰੋਲ ਨੰਬਰਾਂ ਅਤੇ ਰਜਿਸਟ੍ਰੇਸ਼ਨ ਨੰਬਰਾਂ ਨੇ ਤੁਲਨਾ ਕਰਨਾ ਮੁਸ਼ਕਲ ਬਣਾ ਦਿੱਤਾ।

ਇੱਕ ਹੋਰ ਵੱਡੀ ਚੁਣੌਤੀ ਇਸ਼ਤਿਹਾਰ ਤੋਂ ਬਾਅਦ ਯੋਗਤਾ ਦੀਆਂ ਸ਼ਰਤਾਂ ਵਿੱਚ ਬਦਲਾਅ ਨਾਲ ਸਬੰਧਤ ਹੈ। ਅਸਲ ਸ਼ਰਤ ਵਿੱਚ ਉਮੀਦਵਾਰਾਂ ਲਈ ਦਸਵੀਂ ਵਿੱਚ ਪੰਜਾਬੀ ਨੂੰ ਲਾਜ਼ਮੀ ਜਾਂ ਚੋਣਵੇਂ ਵਿਸ਼ੇ ਵਜੋਂ ਜਾਂ ਬਰਾਬਰ ਦੀ ਪ੍ਰੀਖਿਆ ਪਾਸ ਕਰਨਾ ਜ਼ਰੂਰੀ ਸੀ। ਹਾਲਾਂਕਿ, ਇੱਕ ਬਾਅਦ ਦੇ ਜਨਤਕ ਨੋਟਿਸ ਨੇ ਗ੍ਰੈਜੂਏਸ਼ਨ ਪੱਧਰ 'ਤੇ ਪੰਜਾਬੀ ਪੜ੍ਹਨ ਵਾਲੇ ਉਮੀਦਵਾਰਾਂ ਨੂੰ ਬਰਾਬਰਤਾ ਦਾ ਦਾਅਵਾ ਕਰਨ ਦੀ ਇਜਾਜ਼ਤ ਦਿੱਤੀ। ਪਟੀਸ਼ਨਕਰਤਾਵਾਂ ਨੇ ਇਸ ਬਦਲਾਅ ਕਰਨ ਦੇ ਕਮਿਸ਼ਨ ਦੇ ਅਧਿਕਾਰ 'ਤੇ ਸਵਾਲ ਉਠਾਏ ਹਨ, ਇਹ ਦਲੀਲ ਦਿੰਦਿਆਂ ਕਿ ਸਬੰਧਤ ਕਾਨੂੰਨੀ ਨਿਯਮ ਬਰਾਬਰ ਦੀ ਪ੍ਰੀਖਿਆ ਨਿਰਧਾਰਤ ਕਰਨ ਦੀ ਸ਼ਕਤੀ ਸਰਕਾਰ ਨੂੰ ਦਿੰਦਾ ਹੈ।

ਉਨ੍ਹਾਂ ਨੇ ਇਹ ਵੀ ਦੋਸ਼ ਲਗਾਇਆ ਹੈ ਕਿ ਉਮੀਦਵਾਰਾਂ ਨੂੰ ਕਈ ਅਰਜ਼ੀ ਫਾਰਮ ਜਮ੍ਹਾਂ ਕਰਵਾਉਣ ਅਤੇ ਕਈ ਰੋਲ ਨੰਬਰ ਪ੍ਰਾਪਤ ਕਰਨ ਦੀ ਇਜਾਜ਼ਤ ਦਿੱਤੀ ਗਈ ਸੀ। ਸੋਧੀ ਹੋਈ ਸ਼ਰਤ ਵਿੱਚ ਕਿਹਾ ਗਿਆ ਸੀ: ਹਾਲਾਂਕਿ, ਜੇ ਕੋਈ ਉਮੀਦਵਾਰ ਕਈ ਫਾਰਮ ਭਰਦਾ ਹੈ, ਤਾਂ ਉਸ ਨੂੰ ਕਈ ਰੋਲ ਨੰਬਰ ਜਾਰੀ ਕੀਤੇ ਜਾਣਗੇ। ਪਟੀਸ਼ਨਾਂ ਵਿੱਚ ਨਿਰਧਾਰਤ ਉਮਰ ਹੱਦਾਂ ਦੀ ਕਥਿਤ ਉਲੰਘਣਾ, ਅਰਜ਼ੀਆਂ ਦੀਆਂ ਆਖਰੀ ਤਰੀਕਾਂ ਵਿੱਚ ਵਾਰ-ਵਾਰ ਵਾਧੇ, ਪੰਜਾਬੀ ਯੋਗਤਾ ਦੀ ਗੈਰ-ਤਸਦੀਕ ਅਤੇ ਰਾਖਵੀਆਂ ਸ਼੍ਰੇਣੀਆਂਦੇ ਅਧੀਨ ਉਮੀਦਵਾਰਾਂ ਦੀ ਯੋਗਤਾ ਬਾਰੇ ਵੀ ਸਵਾਲ ਉਠਾਏ ਗਏ ਹਨ। ਮੁੱਖ ਪ੍ਰੀਖਿਆ ਦੇ ਸੰਚਾਲਨ 'ਤੇ, ਪਟੀਸ਼ਨਕਰਤਾਵਾਂ ਨੇ ਦੋਸ਼ ਲਗਾਇਆ ਹੈ ਕਿ ਪ੍ਰਸ਼ਨ-ਪੱਤਰਾਂ ਦੇ ਪੈਕੇਟ ਕੁਝ ਪ੍ਰੀਖਿਆ ਕਮਰਿਆਂ ਵਿੱਚ ਬਿਨਾਂ ਸੀਲ ਜਾਂ ਟੁੱਟੀ ਹੋਈ ਹਾਲਤ ਵਿੱਚ ਪਹੁੰਚੇ। ਉਨ੍ਹਾਂ ਨੇ ਇੱਕ ਪ੍ਰੀਖਿਆ ਕੇਂਦਰ ਵਿੱਚ ਕਲਾਸਰੂਮਾਂ ਵਿੱਚ ਬਦਲਾਅ 'ਤੇ ਵੀ ਸਵਾਲ ਉਠਾਏ ਹਨ ਅਤੇ ਉੱਤਰ-ਪੱਤਰੀਆਂ ਨੂੰ ਸੰਭਾਲਣ ਅਤੇ ਮੁਲਾਂਕਣ ਵਿੱਚ ਬੇਨਿਯਮੀਆਂ ਦੇ ਦੋਸ਼ ਲਗਾਏ ਹਨ।

ਪਟੀਸ਼ਨਕਰਤਾਵਾਂ ਦੇ ਇੱਕ ਦੂਜੇ ਸਮੂਹ ਨੇ ਵਾਧੂ ਤੌਰ 'ਤੇ ਹਿੱਤਾਂ ਦੇ ਟਕਰਾਅ, ਦਿਵਿਆਂਗਤਾ ਨਾਲ ਸਬੰਧਤ ਰਿਆਇਤਾਂ ਦੀ ਦੁਰਵਰਤੋਂ ਅਤੇ ਨਤੀਜੇ ਦੀ ਤਰੀਕ ਤੇ ਸ਼੍ਰੇਣੀ-ਵਾਰ ਕੱਟ-ਆਫਸ ਦੇ ਅਧਿਕਾਰਤ ਐਲਾਨ ਤੋਂ ਪਹਿਲਾਂ ਟੈਲੀਗ੍ਰਾਮ ਚੈਨਲਾਂ 'ਤੇ ਪ੍ਰਸਾਰਿਤ ਹੋਣ ਦੇ ਦੋਸ਼ ਲਗਾਏ ਹਨ। ਪਟੀਸ਼ਨਕਰਤਾਵਾਂ ਨੇ ਪੂਰੀ ਚੋਣ ਪ੍ਰਕਿਰਿਆ ਨੂੰ ਰੱਦ ਕਰਨ, ਸੀ.ਬੀ.ਆਈ. ਜਾਂ ਕਿਸੇ ਵਿਸ਼ੇਸ਼ ਜਾਂਚ ਟੀਮ ਦੁਆਰਾ ਸੁਤੰਤਰ ਜਾਂਚ, ਸਾਰੇ ਸ਼ਾਰਟਲਿਸਟ ਕੀਤੇ ਗਏ ਉਮੀਦਵਾਰਾਂ ਦੀ ਯੋਗਤਾ ਦੀ ਜਾਂਚ ਅਤੇ ਅਗਲੇਰੀ ਚੋਣ ਕਾਰਵਾਈ ਨੂੰ ਮੁਲਤਵੀ ਰੱਖਣ ਦੇ ਨਿਰਦੇਸ਼ ਦੀ ਮੰਗ ਕੀਤੀ ਹੈ। ਉਨ੍ਹਾਂ ਨੇ ਇਹ ਵੀ ਮੰਗ ਕੀਤੀ ਹੈ ਕਿ ਪੂਰਾ ਭਰਤੀ ਰਿਕਾਰਡ ਸੀਲ ਕੀਤਾ ਜਾਵੇ ਜਾਂ ਅਦਾਲਤ ਦੁਆਰਾ ਤਲਬ ਕੀਤਾ ਜਾਵੇ।


ਪਟਿਆਲਾ-ਬਠਿੰਡਾ ਕੌਮੀ ਮਾਰਗ 'ਤੇ ਡਿੱਗਿਆ ਭਾਖੜਾ ਨਹਿਰ ਦਾ ਪੁਲ; ਮਲਬੇ 'ਚ ਫਸੇ ਦੋ ਟਰੱਕ, ਇੱਕ ਨੂੰ ਲੱਗੀ ਅੱਗ

ਪਟਿਆਲਾ, 20 ਨਵੰਬਰ
-ਅਮਰਜੀਤ ਸਿੰਘ ਲਾਂਬਾ-
-ਕੌਮੀ ਪੱਤ੍ਰਿਕਾ ਬਿਊਰੋ-

ਪਟਿਆਲਾ-ਸੰਗਰੂਰ-ਬਠਿੰਡਾ ਕੌਮੀ ਮਾਰਗ 'ਤੇ ਭਾਖੜਾ ਨਹਿਰ ਉੱਪਰ ਬਣਿਆ ਇੱਕ ਬੇਲੀ ਪੁਲ ਵੀਰਵਾਰ ਸਵੇਰੇ ਅਚਾਨਕ ਡਿੱਗ ਗਿਆ। ਇਸ ਦੌਰਾਨ ਦੋ ਟਰੱਕ ਹੇਠਾਂ ਡਿੱਗ ਕੇ ਪੁਲ ਦੇ ਮਲਬੇ ਵਿੱਚ ਲਟਕ ਗਏ। ਇਨ੍ਹਾਂ ਵਿੱਚੋਂ ਇੱਕ ਟਰੱਕ ਨੂੰ ਅੱਗ ਵੀ ਲੱਗ ਗਈ। ਹਾਲਾਂਕਿ, ਕਿਸੇ ਜਾਨੀ ਨੁਕਸਾਨ ਦੀ ਕੋਈ ਸੂਚਨਾ ਨਹੀਂ ਹੈ, ਪਰ ਟਰੱਕਾਂ ਦੇ ਡਰਾਈਵਰਾਂ ਨੂੰ ਮਾਮੂਲੀ ਸੱਟਾਂ ਲੱਗੀਆਂ ਹਨ।

ਇਹ ਘਟਨਾ ਤੜਕਸਾਰ ਪਿੰਡ ਪਸਿਆਣਾ ਨੇੜੇ ਉਸ ਸਮੇਂ ਵਾਪਰੀ ਜਦੋਂ ਦੋ ਟਰੱਕ ਪੁਲ ਤੋਂ ਲੰਘ ਰਹੇ ਸਨ। ਇਹ ਟਰੱਕ ਰੇਤ ਨਾਲ ਭਰੇ ਹੋਏ ਸਨ। ਮੁੱਢਲੀ ਜਾਂਚ ਤੋਂ ਪਤਾ ਲੱਗਦਾ ਹੈ ਕਿ ਪੁਲ ਜ਼ਿਆਦਾ ਭਾਰ ਕਾਰਨ ਡਿੱਗਿਆ ਹੈ—ਜੋ ਸ਼ਾਇਦ ਪੁਲ ਤੋਂ ਲੰਘਣ ਦੀ ਨਿਰਧਾਰਤ ਸੀਮਾ ਤੋਂ ਵੱਧ ਸੀ। ਪਰ, ਅਸਲ ਕਾਰਨਾਂ ਦਾ ਪਤਾ ਤਕਨੀਕੀ ਮਾਹਿਰਾਂ ਵੱਲੋਂ ਲਗਾਇਆ ਜਾਵੇਗਾ।

ਜਾਣਕਾਰੀ ਅਨੁਸਾਰ ਅੱਜ ਸਵੇਰੇ ਕਰੀਬ ਛੇ ਵਜੇ ਜਦੋਂ ਇਸ ਪੁਲ ਤੋਂ ਤਿੰਨ ਗੱਡੀਆਂ ਲੰਘ ਰਹੀਆਂ ਸਨ ਤਾਂ ਜਦੋਂ ਇਕ ਗੱਡੀ ਦਾ ਅੱਧਾ ਹਿੱਸਾ ਅਜੇ ਪੁਲ 'ਤੇ ਹੀ ਸੀ ਤਾਂ ਪੁੱਲ ਡਿੱਗ ਟੁੱਟ ਗਿਆ ਪਰੰਤੂ ਉਸ ਟਰੱਕ ਡਰਾਈਵਰ ਨੇ ਭਜਾ



ਕੇ ਆਪਣੀ ਗੱਡੀ ਕੱਢ ਦਿੱਤੀ। ਪਰੰਤੂ ਜਿਹੜੀਆਂ ਦੋ ਗੱਡੀਆਂ ਪੁਲ ਦੇ ਉੱਪਰ ਸਨ ਉਹ ਪੁਲ ਦੇ ਨਾਲ ਹੀ ਹੇਠਾਂ ਡਿੱਗ ਗਈਆਂ।

ਪੁਲ ਡਿੱਗਣ ਤੋਂ ਬਾਅਦ, ਦੋਵੇਂ ਟਰੱਕ ਟੁੱਟੇ ਹੋਏ ਢਾਂਚੇ ਵਿੱਚ ਫਸ ਗਏ ਅਤੇ ਨਹਿਰ ਦੇ ਉੱਪਰ ਲਟਕਦੇ ਰਹੇ, ਜਦਕਿ ਭਾਖੜਾ ਨਹਿਰ ਦਾ ਪਾਣੀ ਡਿੱਗੇ ਹੋਏ ਪੁਲ ਦੇ ਉੱਪਰੋਂ ਵਹਿ ਰਿਹਾ ਸੀ। ਇੱਕ ਟਰੱਕ ਨੂੰ ਲੱਗੀ ਅੱਗ 'ਤੇ ਕਾਬੂ ਪਾਉਣ ਲਈ ਮੌਕੇ 'ਤੇ ਫਾਇਰ ਬ੍ਰਿਗੇਡ ਦੀ ਗੱਡੀ ਬੁਲਾਈ ਗਈ। ਜ਼ਿਲ੍ਹਾ ਪ੍ਰਸ਼ਾਸਨ ਦੀਆਂ ਬਚਾਅ ਟੀਮਾਂ, ਪੁਲੀਸ ਅਤੇ ਫਾਇਰ ਬ੍ਰਿਗੇਡ ਦੇ ਮੁਲਾਜ਼ਮਾਂ ਸਮੇਤ ਸਥਿਤੀ ਨੂੰ ਸੰਭਾਲਣ ਅਤੇ ਰਾਹਤ ਤੇ ਬਚਾਅ ਕਾਰਜ ਚਲਾਉਣ ਲਈ ਮੌਕੇ 'ਤੇ ਪਹੁੰਚ ਗਈਆਂ।

ਆਲੇ ਦੁਆਲੇ ਲੋਹੇ ਦਾ ਜੰਗਲਾ ਹੋਣ ਕਾਰਨ ਪੁਲ ਪਾਣੀ ਵਿੱਚ ਤਾਂ ਨਹੀਂ ਰੁੜੀਆਂ ਪ੍ਰੰਤੂ ਇੱਕ ਟਰੱਕ ਨੂੰ ਅੱਗ ਲੱਗ ਗਈ ਅਤੇ ਉਹ ਨਸ਼ਟ ਹੋ ਗਿਆ। ਮੁਢਲੀ ਜਾਣਕਾਰੀ ਅਨੁਸਾਰ ਕਿਹਾ ਜਾ ਰਿਹਾ ਹੈ ਕਿ ਅੱਗ ਟਰੱਕ ਦੀਆਂ ਹੀ ਤਾਰਾਂ ਸ਼ਾਰਟ ਹੋਣ ਕਰਨ ਲੱਗੀ। ਇਸ ਦੌਰਾਨ ਇੱਕ ਡਰਾਈਵਰ ਨੂੰ ਗੰਭੀਰ ਸੱਟਾਂ ਲੱਗੀਆਂ ਜਿਸ ਨੂੰ ਪੁਲੀਸ ਨੇ ਹਸਪਤਾਲ ਦਾਖਲ ਕਰਾਇਆ ਹੈ ਹਾਲਾਂਕਿ ਕਿਸੇ ਤਰ੍ਹਾਂ ਦਾ ਜਾਨੀ ਨੁਕਸਾਨ ਹੋਣੋਂ ਬਚਾਅ ਰਿਹਾ।

ਪ੍ਰਭਾਵਿਤ ਹਾਈਵੇਅ 'ਤੇ ਆਵਾਜਾਈ ਰੋਕ ਦਿੱਤੀ ਗਈ ਹੈ ਅਤੇ ਦੂਜੇ ਪਾਸੇ ਮੋੜ (ਡਾਇਵਰਟ) ਦਿੱਤੀ ਗਈ ਹੈ। ਦੱਸਣਯੋਗ ਹੈ ਕਿ ਇਹ ਕੌਮੀ ਮਾਰਗ 2016 ਵਿੱਚ ਮੁਕੰਮਲ ਹੋਇਆ ਸੀ ਅਤੇ ਇਹ ਪੁਲ ਵੀ ਉਸੇ ਸਮੇਂ ਬਣਾਇਆ ਗਿਆ ਸੀ—ਜਿਸ ਕਾਰਨ ਕਰੀਬ 10 ਸਾਲਾਂ ਬਾਅਦ ਹੀ ਇਸ ਦੇ ਡਿੱਗਣ 'ਤੇ ਕਈ ਸਵਾਲ ਖੜ੍ਹੇ ਹੋ ਰਹੇ ਹਨ।

ਇਸ ਸਬੰਧੀ ਪੱਖ ਜਾਣਨ ਲਈ ਜ਼ਿਲ੍ਹਾ ਮੈਜਿਸਟ੍ਰੇਟ ਡਾ. ਹਿਮਾਂਸ਼ੂ ਅਗਰਵਾਲ ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ, ਪਰ ਫੋਨ ਨਾ ਚੁੱਕਣ ਕਾਰਨ ਸੰਪਰਕ ਨਹੀਂ ਹੋ ਸਕਿਆ।

ਹੋਰ ਵੇਰਵਿਆਂ ਅਨੁਸਾਰ PB-03-23-9456 ਅਤੇ HR-63-2-4935 ਨੰਬਰਾਂ ਵਾਲੇ ਟਰੱਕ ਵਿੱਚ ਡਿੱਗੇ ਹਨ। ਜਿਨਾਂ ਵਿੱਚੋਂ ਇੱਕ ਟਰੱਕ ਨੂੰ ਅੱਗ ਲੱਗ ਗਈ। ਇਨ੍ਹਾਂ ਵਿੱਚੋਂ ਹੀ ਇੱਕ ਟਰੱਕ ਦੇ ਜਖਮੀ ਹੋਏ ਡਰਾਈਵਰ ਦੀ ਪਛਾਣ ਗੁਰਜੰਟ ਸਿੰਘ ਵਾਸੀ ਪਿੰਡ ਭਾਈ ਰੂਪਾ ਜ਼ਿਲ੍ਹਾ ਬਠਿੰਡਾ ਉਹ PB-03-23-9456 ਨੰਬਰ ਵਾਲੇ ਟਰੱਕ ਦਾ ਡਰਾਈਵਰ ਹੈ। ਜਿਸ ਨੂੰ ਇਲਾਜ ਲਈ ਰਾਜਿੰਦਰਾ ਹਸਪਤਾਲ ਪਟਿਆਲਾ ਭੇਜਿਆ ਗਿਆ ਹੈ।

ਇੱਥੇ ਇਹ ਧਿਆਨ ਦੇਣ ਯੋਗ ਹੈ ਕਿ ਭਾਖੜਾ ਦਾ ਪਾਣੀ ਹੁਣ ਪੁਲ ਦੇ ਉਸ ਹਿੱਸੇ ਉੱਤੇ ਆਪਣੇ ਆਮ ਰਸਤੇ ਵਿੱਚ ਵਗ ਰਿਹਾ ਹੈ ਜੋ ਨਹਿਰ ਵਿੱਚ ਡਿੱਗ ਗਿਆ ਹੈ। ਇਸੇ ਦੌਰਾਨ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ ਆਗੂ ਰਣਜੀਤ ਸਵਾਜਪੁਰ, ਬੀਕੇਯੂ ਕ੍ਰਾਂਤੀਕਾਰੀ ਦੇ ਆਗੂ ਅਵਤਾਰ ਸਿੰਘ ਕੌਰਜੀਵਾਲਾ ਦੀ ਅਗਵਾਈ ਵਿੱਚ ਘਟਨਾ ਸਥਾਨ ਤੇ ਪੁੱਜੇ ਇਲਾਕੇ ਦੇ ਕਿਸਾਨਾਂ ਨੇ ਕਿਹਾ ਕਿ ਪੁਲ ਦੇ ਡਿੱਗਣ ਨਾਲ ਭਾਖੜਾ ਦੇ ਕੰਢੇ ਨੁਕਸਾਨੇ ਗਏ ਹਨ। ਜਿਸ ਕਾਰਨ ਪ੍ਰਸ਼ਾਸਨ ਨੂੰ ਤੁਰੰਤ ਇਹਨਾਂ ਕੰਢਿਆਂ ਨੂੰ ਮਜਬੂਤ ਕਰਨਾ ਚਾਹੀਦਾ ਹੈ ਤਾਂ ਜੋ ਭਾਖੜਾ ਟੁੱਟਣ ਦਾ ਖਤਰਾ ਟਾਲਿਆ ਜਾ ਸਕੇ।

ਅਮਰੀਕੀ ਅਦਾਲਤ ਵੱਲੋਂ ਦਿੱਲੀ ਦੀਆਂ ਅਦਾਲਤਾਂ ਰਾਹੀਂ ਅਜੀਤ ਡੋਵਾਲ ਅਤੇ ਸਾਮੰਤ ਗੋਇਲ ਨੂੰ ਸੰਮਨ ਭੇਜਣ ਦੇ ਹੁਕਮ

ਵਾਸ਼ਿੰਗਟਨ, 20 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਇੱਕ ਅਮਰੀਕੀ ਸੰਘੀ ਅਦਾਲਤ ਨੇ ਖਾਲਿਸਤਾਨੀ ਵੱਖਵਾਦੀ ਗੁਰਪਤਵੰਤ ਸਿੰਘ ਪੰਨੂ ਵੱਲੋਂ ਦਾਇਰ ਮੁਕੱਦਮੇ ਦੇ ਸਬੰਧ ਵਿੱਚ ਕੌਮੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਅਤੇ 'ਰਿਸਰਚ ਐਂਡ ਐਨਾਲਿਸਿਸ ਵਿੰਗ' ਦੇ ਸਾਬਕਾ ਮੁਖੀ ਸਾਮੰਤ ਗੋਇਲ ਨੂੰ ਦਿੱਲੀ ਦੀਆਂ ਅਦਾਲਤਾਂ ਰਾਹੀਂ ਸੰਮਨ ਭੇਜਣ ਦਾ ਹੁਕਮ ਦਿੱਤਾ ਹੈ। ਪੰਨੂ ਵੱਖ-ਵੱਖ ਅਤਿਵਾਦੀ ਦੋਸ਼ਾਂ ਤਹਿਤ ਭਾਰਤੀ ਜਾਂਚ ਏਜੰਸੀਆਂ ਨੂੰ ਲੋੜੀਂਦਾ ਹੈ। 13 ਨਵੰਬਰ ਦੇ ਇੱਕ ਹੁਕਮ ਵਿੱਚ ਨਿਊਯਾਰਕ ਦੇ ਦੱਖਣੀ ਜ਼ਿਲ੍ਹੇ ਦੀ ਅਮਰੀਕੀ ਜ਼ਿਲ੍ਹਾ ਅਦਾਲਤ ਨੇ ਆਪਣੇ ਕਲਰਕ ਨੂੰ ਨਿਰਦੇਸ਼ ਦਿੱਤਾ ਹੈ ਕਿ ਉਹ ਡੋਵਾਲ ਲਈ ਪਟਿਆਲਾ ਹਾਊਸ ਜ਼ਿਲ੍ਹਾ ਅਦਾਲਤ ਅਤੇ ਗੋਇਲ ਲਈ ਦਵਾਰਕਾ ਤੇ ਤੀਸ ਹਜ਼ਾਰੀ ਜ਼ਿਲ੍ਹਾ ਅਦਾਲਤਾਂ ਨੂੰ ਸੰਮਨ ਅਤੇ ਨਾਲ ਸਬੰਧਤ ਨਿਆਂਇਕ



ਦਸਤਾਵੇਜ਼ ਭੇਜੇ।

ਜੱਜ ਕੈਥਰੀਨ ਪੋਲਕ ਫੈਲਾ ਵੱਲੋਂ ਜਾਰੀ ਹੁਕਮ ਵਿੱਚ ਕਿਹਾ ਗਿਆ ਹੈ, ਅਦਾਲਤ ਸਤਿਕਾਰ ਸਹਿਤ ਪ੍ਰਾਪਤਕਰਤਾ ਭਾਰਤੀ ਅਦਾਲਤਾਂ ਤੋਂ ਬੇਨਤੀ ਕਰਦੀ ਹੈ ਕਿ ਉਹ ਇਸ ਅਦਾਲਤ ਵਿੱਚ ਵਿਚਾਰ ਅਧੀਨ ਇਸ ਸਿਵਲ ਮੁਕੱਦਮੇ ਵਿੱਚ ਬਚਾਅ ਪੱਖ ਨੂੰ ਸੰਮਨ ਤਾਮੀਲ ਕਰਵਾਉਣ ਵਿੱਚ ਸਹਾਇਤਾ ਕਰਨ।

ਹੇਗ ਕਨਵੈਨਸ਼ਨ ਅਤੇ ਭਾਰਤੀ ਸਿਵਲ ਪ੍ਰਕਿਰਿਆ ਜ਼ਾਬਤਾ ਦੀਆਂ ਸਬੰਧਤ ਧਾਰਾਵਾਂ ਦਾ ਹਵਾਲਾ ਦਿੰਦੇ ਹੋਏ, ਫੈਲਾ ਨੇ ਕਿਹਾ ਕਿ ਵਿਦੇਸ਼ੀ ਅਦਾਲਤਾਂ ਭਾਰਤੀ ਅਦਾਲਤਾਂ ਰਾਹੀਂ ਡੋਵਾਲ ਅਤੇ ਗੋਇਲ ਨੂੰ ਸੰਮਨ ਭੇਜ ਸਕਦੀਆਂ ਹਨ। ਸੀ.ਪੀ.ਸੀ. ਕੇਂਦਰ ਸਰਕਾਰ ਵੱਲੋਂ ਨੋਟੀਫਾਈ ਕੀਤੀਆਂ ਵਿਦੇਸ਼ੀ ਸਿਵਲ ਅਦਾਲਤਾਂ ਵੱਲੋਂ ਜਾਰੀ ਸੰਮਨਾਂ ਨੂੰ ਭਾਰਤੀ ਅਦਾਲਤਾਂ ਵਿੱਚ ਭੇਜਣ ਅਤੇ ਘਰੇਲੂ ਅਦਾਲਤਾਂ ਵੱਲੋਂ ਜਾਰੀ ਸੰਮਨਾਂ ਵਾਂਗ ਹੀ ਤਾਮੀਲ ਕਰਨ ਦੀ ਇਜਾਜ਼ਤ ਦਿੰਦਾ ਹੈ।

ਅਮਰੀਕੀ ਅਦਾਲਤ ਦੇ ਹੁਕਮ ਵਿੱਚ ਕਿਹਾ ਗਿਆ ਹੈ ਕਿ ਹੇਗ ਕਨਵੈਨਸ਼ਨ ਤਹਿਤ ਭਾਰਤ ਦੀ ਕੇਂਦਰੀ ਅਥਾਰਟੀ ਰਾਹੀਂ ਸੰਮਨ ਭੇਜਣ ਦੀ ਮਿਆਰੀ ਪ੍ਰਕਿਰਿਆ ਦੀ ਕੋਸ਼ਿਸ਼ ਕੀਤੀ ਗਈ ਸੀ, ਪਰ ਉਸ ਨੂੰ ਰੱਦ ਕਰ ਦਿੱਤਾ ਗਿਆ ਸੀ। ਇਸ ਤੋਂ ਬਾਅਦ ਅਦਾਲਤ ਨੇ ਕਨਵੈਨਸ਼ਨ ਦੀ ਧਾਰਾ 19 ਅਤੇ ਭਾਰਤ ਦੇ ਸੀ.ਪੀ.ਸੀ. ਦੀਆਂ ਸਬੰਧਤ ਧਾਰਾਵਾਂ ਤਹਿਤ ਸੰਮਨ ਭੇਜਣ ਦੇ ਬਦਲਵੇਂ ਤਰੀਕੇ ਨੂੰ ਅਧਿਕਾਰਤ ਕੀਤਾ।

ਡਿਪਟੀ ਕਮਿਸ਼ਨਰ ਵੱਲੋਂ ਭਾਖੜਾ ਨਹਿਰ 'ਤੇ ਪੁਲ ਟੁੱਟਣ ਦੀ ਘਟਨਾ ਦਾ ਜਾਇਜ਼ਾ, ਜਾਨੀ ਨੁਕਸਾਨ ਤੋਂ ਬਚਾਅ

ਪਟਿਆਲਾ, 20 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪਟਿਆਲਾ ਦੇ ਡਿਪਟੀ ਕਮਿਸ਼ਨਰ ਹਿਮਾਂਸ਼ੂ ਜੈਨ ਨੇ ਅੱਜ ਸਵੇਰੇ ਐੱਨ.ਐੱਚ.-64 (ਨਵਾਂ ਐੱਨ.ਐੱਚ.-07) ਦੇ ਪਟਿਆਲਾ ਬਾਈਪਾਸ ਸੈਕਸ਼ਨ 'ਤੇ ਭਾਖੜਾ ਮੇਨ ਲਾਈਨ ਨਹਿਰ ਉਪਰ ਪਸਿਆਣਾ ਨੇੜੇ ਸਥਿਤ 60 ਮੀਟਰ ਲੰਬੇ ਸਟੀਲ ਟਰੱਸ ਬ੍ਰਿਜ ਦੇ ਟੁੱਟਣ ਦੀ ਘਟਨਾ ਦਾ ਜਾਇਜ਼ਾ ਲਿਆ। ਇਸ ਮੌਕੇ ਉਨ੍ਹਾਂ ਦੱਸਿਆ ਕਿ ਇਸ ਹਾਦਸੇ ਵਿੱਚ ਕਿਸੇ ਜਾਨੀ ਨੁਕਸਾਨ

ਮਾਤਾ ਗੁਜਰੀ ਸੀਨੀਅਰ ਸੈਕੰਡਰੀ ਸਕੂਲ ਵਿਖੇ ਸਾਲਾਨਾ ਸਮਾਰੋਹ ‘ਤਰੰਗ-2026’ ਸ਼ਾਨਦਾਰ ਢੰਗ ਨਾਲ ਆਯੋਜਿਤ



ਦੇਵੀਗੜ੍ਹ, 20 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਮਾਤਾ ਗੁਜਰੀ ਸੀਨੀਅਰ ਸੈਕੰਡਰੀ ਸਕੂਲ, ਗੁਥਮੜਾ ਵਿਖੇ ਸਾਲਾਨਾ ਸਮਾਰੋਹ ‘ਤਰੰਗ-2026’ ਬੜੀ ਧੂਮਧਾਮ, ਉਤਸ਼ਾਹ ਅਤੇ ਸੁਚੱਜੇ ਪ੍ਰਬੰਧਾਂ ਹੇਠ ਆਯੋਜਿਤ ਕੀਤਾ ਗਿਆ। ਸਮਾਰੋਹ ਵਿੱਚ ਸ਼੍ਰੀ ਅਨਿਲ ਮਿੱਤਲ ਜੀ ਨੇ ਮੁੱਖ ਮਹਿਮਾਨ ਵੱਜੋਂ ਸ਼ਿਰਕਤ ਕੀਤੀ।

ਸਮਾਰੋਹ ਦਾ ਅਰੰਭ ਧਾਰਮਿਕ ਸ਼ਬਦ ਗਾਇਨ ਅਤੇ ਜੋਤੀ ਪ੍ਰਚੰਡ ਕਰਨ ਦੀ ਰਸਮ ਨਾਲ ਹੋਇਆ। ਇਸ ਉਪਰੰਤ ਵਿਦਿਆਰਥੀਆਂ ਵੱਲੋਂ ਪੇਸ਼ ਕੀਤੀਆਂ ਗਈਆਂ ਵੰਨ-ਸੁਵੰਨੀਆਂ ਸੱਭਿਆਚਾਰਕ ਵੰਨਗੀਆਂ ਨੇ ਸਮਾਗਮ ਨੂੰ ਵਿਸ਼ੇਸ਼ ਰੌਣਕ ਬਖ਼ਸ਼ੀ। ਨ੍ਰਿਤ, ਲੋਕ-ਨਾਚ, ਗਾਇਨ, ਭੰਗੜੇ, ਗਿੱਧੇ ਅਤੇ ਨਾਟਕਾਂ ਰਾਹੀਂ ਵਿਦਿਆਰਥੀਆਂ ਨੇ ਆਪਣੀ ਕਲਾ, ਸਿਰਜਣਾਤਮਕਤਾ ਅਤੇ ਆਤਮ-ਵਿਸ਼ਵਾਸ ਦਾ ਪ੍ਰਭਾਵਸ਼ਾਲੀ ਪ੍ਰਗਟਾਵਾ ਕੀਤਾ। ਇਸ ਦੇ ਨਾਲ ਹੀ ਪਾਣੀ ਦੀ ਸੰਭਾਲ, ਇਸਤਰੀ ਸਸ਼ਕਤੀਕਰਨ ਅਤੇ ਮੋਬਾਈਲ ਫ਼ੋਨ ਦੀ ਅਤਿ ਵਰਤੋਂ ਜਿਹੇ ਸਮਾਜਿਕ ਵਿਸ਼ਿਆਂ ਨੂੰ ਆਧਾਰ ਬਣਾ ਕੇ ਪੇਸ਼ ਕੀਤੀਆਂ ਗਈਆਂ ਨਾਟਕੀ ਪੇਸ਼ਕਾਰੀਆਂ ਨੇ ਦਰਸ਼ਕਾਂ ਨੂੰ ਸਮਾਜਿਕ ਜ਼ਿੰਮੇਵਾਰੀਆਂ ਪ੍ਰਤੀ ਜਾਗਰੂਕ ਹੋਣ ਦਾ ਸੰਦੇਸ਼ ਦਿੱਤਾ।

ਐਲੂਮਨਾਈ ਨੇ ਇਸ ਮੌਕੇ ਆਪਣੇ ਜੀਵਨ ਦੀਆਂ ਪ੍ਰਾਪਤੀਆਂ ਪੁਰਸਕਾਰਾਂ ਅਤੇ ਸਫਲਤਾ ਦੇ ਤਜਰਬੇ ਸਾਂਝੇ ਕੀਤੇ।

ਸਮਾਰੋਹ ਦੌਰਾਨ ਵਿੱਦਿਅਕ ਖੇਤਰ ਵਿੱਚ ਵਿਲੱਖਣ ਪ੍ਰਾਪਤੀਆਂ ਦਰਜ ਕਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ। ਇਸ ਤੋਂ ਇਲਾਵਾ ਸਕੂਲ ਦੇ ਪੁਰਾਤਨ ਵਿਦਿਆਰਥੀਆਂ ਨੂੰ ਉਨ੍ਹਾਂ ਦੀਆਂ ਪ੍ਰਾਪਤੀਆਂ ਲਈ ਅਤੇ ਖੇਡਾਂ ਦੇ ਖੇਤਰ ਵਿੱਚ ਮੱਲਾਂ ਮਾਰਨ ਵਾਲੇ ਵਿਦਿਆਰਥੀਆਂ ਨੂੰ ਵਿਸ਼ੇਸ਼ ਸਨਮਾਨ ਪ੍ਰਦਾਨ ਕੀਤੇ ਗਏ।

ਇਸ ਮੌਕੇ ਸਕੂਲ ਦੀ ਪ੍ਰਧਾਨ *ਸ਼੍ਰੀਮਤੀ ਰਵਿੰਦਰ ਕੌਰ* ਅਤੇ ਡਾਇਰੈਕਟਰ *ਸ: ਭੁਪਿੰਦਰ ਸਿੰਘ* ਨੇ ਆਪਣੇ ਸੰਬੋਧਨ ਵਿੱਚ ਵਿਦਿਆਰਥੀਆਂ ਦੀਆਂ ਪ੍ਰਾਪਤੀਆਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੇ ਸਮਾਗਮ ਵਿਦਿਆਰਥੀਆਂ ਦੀ ਪ੍ਰਤਿਭਾ ਨੂੰ ਨਿਖਾਰਨ ਅਤੇ ਉਨ੍ਹਾਂ ਦੇ ਸਰਬਪੱਖੀ ਵਿਕਾਸ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ। ਉਨ੍ਹਾਂ ਨੇ ਸਮੂਹ ਅਧਿਆਪਕ ਵਰਗ ਦੀ ਮਿਹਨਤ ਅਤੇ ਮਾਪਿਆਂ ਦੇ ਸਹਿਯੋਗ ਦੀ ਵੀ ਸ਼ਲਾਘਾ ਕੀਤੀ।

ਸਕੂਲ ਦੀ ਪ੍ਰਿੰਸੀਪਲ *ਸ਼੍ਰੀਮਤੀ ਪੂਨਮ ਧੀਮਾਨ* ਨੇ ਸਕੂਲ ਦੀਆਂ ਵਿੱਦਿਅਕ, ਖੇਡ ਅਤੇ ਸਹਿ-ਵਿੱਦਿਅਕ ਪ੍ਰਾਪਤੀਆਂ ਦਾ ਵੇਰਵਾ ਸਾਂਝਾ ਕਰਦਿਆਂ ਕਿਹਾ ਕਿ ਸੰਸਥਾ ਵਿਦਿਆਰਥੀਆਂ ਨੂੰ ਮਿਆਰੀ ਸਿੱਖਿਆ ਪ੍ਰਦਾਨ ਕਰਨ ਦੇ ਨਾਲ-ਨਾਲ ਉਨ੍ਹਾਂ ਵਿੱਚ ਨੈਤਿਕ ਕਦਰਾਂ-ਕੀਮਤਾਂ, ਅਨੁਸ਼ਾਸਨ ਅਤੇ ਸਮਾਜਿਕ ਜ਼ਿੰਮੇਵਾਰੀ ਦੀ ਭਾਵਨਾ ਵਿਕਸਿਤ ਕਰਨ ਲਈ ਵਚਨਬੱਧ ਹੈ।

ਉਨ੍ਹਾਂ ਵਿਦਿਆਰਥੀਆਂ ਨੂੰ ਜੀਵਨ ਵਿੱਚ ਅਨੁਸ਼ਾਸਨ, ਸਖ਼ਤ ਮਿਹਨਤ ਅਤੇ ਦ੍ਰਿੜ੍ਹ ਇਰਾਦੇ ਨਾਲ ਅੱਗੇ ਵਧਣ ਦਾ ਸੰਦੇਸ਼ ਦਿੱਤਾ। ਉਨ੍ਹਾਂ ਨੇ ਸਿੱਖਿਆ ਦੇ ਨਾਲ-ਨਾਲ ਖੇਡਾਂ ਅਤੇ ਸੱਭਿਆਚਾਰਕ ਗਤੀਵਿਧੀਆਂ ਵਿੱਚ ਸਰਗਰਮ ਭਾਗੀਦਾਰੀ ਨੂੰ ਵੀ ਵਿਦਿਆਰਥੀ ਜੀਵਨ ਦਾ ਅਹਿਮ ਅੰਗ ਦੱਸਿਆ। ਸਮਾਰੋਹ ਦੇ ਅੰਤ ਵਿੱਚ ਧੰਨਵਾਦ ਮਤਾ ਪੇਸ਼ ਕਰਦਿਆਂ ਮੁੱਖ ਮਹਿਮਾਨ, ਪਤਵੰਤੇ ਸੱਜਣਾਂ, ਮਾਪਿਆਂ ਅਤੇ ਸਮੂਹ ਸਹਿਯੋਗੀਆਂ ਦਾ ਧੰਨਵਾਦ ਕੀਤਾ ਗਿਆ। ਵਿਦਿਆਰਥੀਆਂ ਦੀਆਂ ਸ਼ਾਨਦਾਰ ਪੇਸ਼ਕਾਰੀਆਂ ਅਤੇ ਉਤਸ਼ਾਹਪੂਰਨ ਭਾਗੀਦਾਰੀ ਸਦਕਾ ਇਹ ਸਲਾਨਾ ਸਮਾਰੋਹ ਅਮਿੱਟ ਯਾਦਾਂ ਛੱਡਦਾ ਹੋਇਆ ਸਫ਼ਲਤਾਪੂਰਵਕ ਸੰਪੰਨ ਹੋਇਆ।

ਅਕਾਲੀ ਦਲ (ਵਾਰਿਸ ਪੰਜਾਬ ਦੇ) ਦੀ ਰਜਿਸਟ੍ਰੇਸ਼ਨ ਵਿੱਚ ਹੋ ਰਹੀ ਬੇਲੋੜੀ ਦੇਰੀ ਬਰਦਾਸ਼ਤਯੋਗ ਨਹੀਂ: ਮਨਪ੍ਰੀਤ ਸਿੰਘ ਇਆਲੀ

ਕੁਰਾਲੀ, 20 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਅਕਾਲੀ ਦਲ (ਵਾਰਿਸ ਪੰਜਾਬ ਦੇ) ਦੀ ਰਜਿਸਟ੍ਰੇਸ਼ਨ ਵਿੱਚ ਹੋ ਰਹੀ ਬੇਲੋੜੀ ਦੇਰੀ ਦਾ ਗੰਭੀਰ ਨੋਟਿਸ ਲੈਂਦਿਆਂ ਅਕਾਲੀ ਦਲ ÷ਵਾਰਿਸ ਪੰਜਾਬ ਦੇ÷ ਦੇ ਸੀਨੀਅਰ ਆਗੂ ਅਤੇ ਹਲਕਾ ਦਾਖਾ ਤੋਂ ਵਿਧਾਇਕ ਸਰਦਾਰ ਮਨਪ੍ਰੀਤ ਸਿੰਘ ਇਆਲੀ ਵੱਲੋਂ ਪੰਜਾਬ ਦੇ ਮੁੱਖ ਚੋਣ ਅਧਿਕਾਰੀ ਅਨਿੰਦਿਤਾ ਮਿੱਤਰਾ ਨਾਲ ਅਹਿਮ ਮੁਲਾਕਾਤ ਕੀਤੀ ਗਈ ਅਤੇ ਭਾਰਤ ਚੋਣ ਕਮਿਸ਼ਨ ਦੇ ਨਾਂ ਮੰਗ ਪੱਤਰ ਸੌਂਪਿਆ ਗਿਆ। ਇਸ ਮੌਕੇ ਤੇ ਮੀਡੀਆ ਨੂੰ ਸੰਬੋਧਨ ਕਰਦੇ ਸਰਦਾਰ ਮਨਪ੍ਰੀਤ ਸਿੰਘ ਇਆਲੀ ਨੇ ਮੰਗ ਕੀਤੀ ਕਿ ਲੋਕ ਪ੍ਰਤੀਨਿਧਤਾ ਐਕਟ, 1951 ਦੀ ਧਾਰਾ 291 ਤਹਿਤ ਪਾਰਟੀ ਦੀ ਰਜਿਸਟ੍ਰੇਸ਼ਨ ਦੀ ਜਾਰੀ ਪ੍ਰਕਿਰਿਆ ਨੂੰ ਬਿਨਾਂ ਕਿਸੇ ਹੋਰ ਦੇਰੀ ਦੇ ਮੁਕੰਮਲ ਕੀਤਾ ਜਾਵੇ।



ਮਨਪ੍ਰੀਤ ਸਿੰਘ ਇਆਲੀ ਨੇ ਕਿਹਾ ਕਿ ਪਾਰਟੀ ਵੱਲੋਂ 22 ਜਨਵਰੀ 2025 ਨੂੰ ਰਜਿਸਟ੍ਰੇਸ਼ਨ ਲਈ ਬਕਾਇਦਾ ਅਰਜ਼ੀ ਦਿੱਤੀ ਗਈ ਸੀ, ਪਰ ਲੰਮਾ ਸਮਾਂ ਬੀਤ ਜਾਣ ਦੇ ਬਾਵਜੂਦ ਇਸ ਸਬੰਧੀ ਕੋਈ ਅੰਤਿਮ ਕਾਰਵਾਈ ਨਹੀਂ ਕੀਤੀ ਗਈ। ਉਨ੍ਹਾਂ ਨੇ ਦੱਸਿਆ ਕਿ ਮੁੱਖ ਚੋਣ ਅਧਿਕਾਰੀ, ਪੰਜਾਬ ਵੱਲੋਂ 27 ਅਪ੍ਰੈਲ 2026 ਨੂੰ ਸਕਾਰਾਤਮਕ ਤਸਦੀਕ ਰਿਪੋਰਟ ਭਾਰਤ ਚੋਣ ਕਮਿਸ਼ਨ ਨੂੰ ਭੇਜੀ ਜਾ ਚੁੱਕੀ ਹੈ, ਪਰ ਇਸ ਦੇ ਬਾਵਜੂਦ ਅਖ਼ਬਾਰਾਂ ਵਿੱਚ ਜਨਤਕ ਨੋਟਿਸ ਪ੍ਰਕਾਸ਼ਿਤ ਕਰਨ ਸਬੰਧੀ ਲੋੜੀਂਦੇ ਨਿਰਦੇਸ਼ ਜਾਰੀ ਨਹੀਂ ਕੀਤੇ ਗਏ।

ਉਨ੍ਹਾਂ ਕਿਹਾ ਕਿ ਹੈਰਾਨੀ ਦੀ ਗੱਲ ਹੈ ਕਿ ਜਨਤਕ ਨੋਟਿਸ ਪ੍ਰਕਾਸ਼ਿਤ ਹੋਣ ਤੋਂ ਪਹਿਲਾਂ ਹੀ 9 ਜੁਲਾਈ 2026 ਨੂੰ ਇੱਕ ਇਤਰਾਜ਼ ਪ੍ਰਾਪਤ ਹੋਣ ਦੀ ਜਾਣਕਾਰੀ ਦਿੱਤੀ ਗਈ। ਉਨ੍ਹਾਂ ਚੋਣ ਕਮਿਸ਼ਨ ਤੋਂ ਸਪੱਸ਼ਟੀਕਰਨ ਮੰਗਿਆ ਕਿ ਜਦੋਂ ਨਿਰਧਾਰਤ ਪ੍ਰਕਿਰਿਆ ਅਨੁਸਾਰ ਜਨਤਕ ਇਤਰਾਜ਼ ਅਖ਼ਬਾਰਾਂ ਵਿੱਚ ਨੋਟਿਸ ਪ੍ਰਕਾਸ਼ਿਤ ਹੋਣ ਤੋਂ ਬਾਅਦ ਮੰਗੇ ਜਾਂਦੇ ਹਨ, ਤਾਂ ਪ੍ਰਕਾਸ਼ਨ ਤੋਂ ਪਹਿਲਾਂ ਪ੍ਰਾਪਤ ਹੋਏ ਇਤਰਾਜ਼ ਨੂੰ ਕਿਸ ਆਧਾਰ 'ਤੇ ਅਗਲੀ ਕਾਰਵਾਈ ਰੋਕਣ ਦਾ ਕਾਰਨ ਬਣਾਇਆ ਗਿਆ ਹੈ।

ਮਨਪ੍ਰੀਤ ਸਿੰਘ ਇਆਲੀ ਨੇ ਕਿਹਾ ਕਿ ਲੋਕਤੰਤਰ ਵਿੱਚ ਸਿਆਸੀ ਵਿਚਾਰਾਂ ਦੇ ਪ੍ਰਗਟਾਵੇ, ਸ਼ਾਂਤਮਈ ਢੰਗ ਨਾਲ ਜਥੇਬੰਦ ਹੋਣਾ ਅਤੇ ਚੋਣ ਪ੍ਰਕਿਰਿਆ ਵਿੱਚ ਹਿੱਸਾ ਲੈਣ ਦਾ ਅਧਿਕਾਰ ਸੰਵਿਧਾਨ ਵੱਲੋਂ ਦਿੱਤਾ ਗਿਆ ਹੈ। ਸੰਵਿਧਾਨ ਦੀਆਂ ਧਾਰਾਵਾਂ 14 ਅਤੇ 19 ਤਹਿਤ ਪ੍ਰਾਪਤ ਅਧਿਕਾਰਾਂ ਦੀ ਸੰਦਰਭ ਵਿੱਚ ਸਾਰੀਆਂ ਸਿਆਸੀ ਜਥੇਬੰਦੀਆਂ ਨਾਲ ਬਰਾਬਰੀ ਅਤੇ ਨਿਰਪੱਖਤਾ ਵਾਲਾ ਵਿਹਾਰ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਕਿਸੇ ਵੀ ਸਿਆਸੀ ਪਾਰਟੀ ਦੀ ਰਜਿਸਟ੍ਰੇਸ਼ਨ ਸਬੰਧੀ ਫੈਸਲਾ ਬਿਨਾਂ ਕਿਸੇ ਪੱਖਪਾਤ ਜਾਂ ਬੇਲੋੜੀ ਦੇਰੀ ਦੇ ਨਿਰਧਾਰਤ ਕਾਨੂੰਨੀ ਪ੍ਰਕਿਰਿਆ ਅਨੁਸਾਰ ਹੋਣਾ ਚਾਹੀਦਾ ਹੈ।

ਉਨ੍ਹਾਂ ਕਿਹਾ ਕਿ 2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਨੇੜੇ ਆ ਰਹੀਆਂ ਹਨ ਅਤੇ ਰਜਿਸਟ੍ਰੇਸ਼ਨ ਵਿੱਚ ਹੋ ਰਹੀ ਦੇਰੀ ਕਾਰਨ ਪਾਰਟੀ ਨੂੰ ਚੋਣ ਨਿਸ਼ਾਨ ਪ੍ਰਾਪਤ ਕਰਨ ਅਤੇ ਰਜਿਸਟਰਡ ਸਿਆਸੀ ਪਾਰਟੀ ਵਜੋਂ ਚੋਣਾਂ ਦੀ ਤਿਆਰੀ ਕਰਨ ਵਿੱਚ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਲਈ ਚੋਣ ਕਮਿਸ਼ਨ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਇਸ ਮਾਮਲੇ ਨੂੰ ਤਰਜੀਹ ਦੇ ਆਧਾਰ 'ਤੇ ਵਿਚਾਰੇ ਅਤੇ ਬਾਕੀ ਰਹਿੰਦੀਆਂ ਕਾਰਵਾਈਆਂ ਨੂੰ ਸਮਾਂਬੱਧ ਢੰਗ ਨਾਲ ਪੂਰਾ ਕਰੇ।

ਮੰਗ ਪੱਤਰ ਰਾਹੀਂ ਚੋਣ ਕਮਿਸ਼ਨ ਤੋਂ ਮੰਗ ਕੀਤੀ ਗਈ ਕਿ ਅਖ਼ਬਾਰਾਂ ਵਿੱਚ ਜਨਤਕ ਨੋਟਿਸ ਪ੍ਰਕਾਸ਼ਿਤ ਕਰਨ ਲਈ ਤੁਰੰਤ ਨਿਰਦੇਸ਼ ਜਾਰੀ ਕੀਤੇ ਜਾਣ, 9 ਜੁਲਾਈ 2026 ਨੂੰ ਪ੍ਰਾਪਤ ਹੋਏ ਇਤਰਾਜ਼ ਦੀ ਕਾਪੀ ਅਤੇ ਉਸ ਦੇ ਸਮਰਥਨ ਵਿੱਚ ਪੇਸ਼ ਕੀਤੇ ਦਸਤਾਵੇਜ਼ ਪਾਰਟੀ ਨੂੰ ਮੁਹੱਈਆ ਕਰਵਾਏ ਜਾਣ, ਆਪਣਾ ਪੱਖ ਰੱਖਣ ਲਈ ਉਚਿਤ ਸਮਾਂ ਦਿੱਤਾ ਜਾਵੇ ਅਤੇ ਰਜਿਸਟ੍ਰੇਸ਼ਨ ਦੀ ਸਮੁੱਚੀ ਪ੍ਰਕਿਰਿਆ ਨੂੰ ਬਿਨਾਂ ਕਿਸੇ ਹੋਰ ਬੇਲੋੜੀ ਦੇਰੀ ਦੇ ਮੁਕੰਮਲ ਕੀਤਾ ਜਾਵੇ।

ਮਨਪ੍ਰੀਤ ਸਿੰਘ ਇਆਲੀ ਨੇ ਕਿਹਾ ਕਿ ਪਾਰਟੀ ਸਾਰੀਆਂ ਕਾਨੂੰਨੀ ਅਤੇ ਪ੍ਰਕਿਰਿਆਤਮਕ ਸ਼ਰਤਾਂ ਪੂਰੀਆਂ ਕਰਨ ਲਈ ਵਚਨਬੱਧ ਹੈ ਅਤੇ ਚੋਣ ਕਮਿਸ਼ਨ ਤੋਂ ਨਿਰਪੱਖ, ਪਾਰਦਰਸ਼ੀ ਅਤੇ ਸਮਾਂਬੱਧ ਕਾਰਵਾਈ ਦੀ ਉਮੀਦ ਕਰਦੀ ਹੈ, ਤਾਂ ਜੋ ਆਉਣ ਵਾਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਪਾਰਟੀ ਲੋਕਤੰਤਰੀ ਪ੍ਰਕਿਰਿਆ ਵਿੱਚ ਸਰਗਰਮੀ ਨਾਲ ਹਿੱਸਾ ਲੈ ਸਕੇ।

ਗੁਜ਼ਿਆਰਪੁਰ ਦੀ ਬਦਹਾਲ ਟਰੈਫਿਕ ਵਿਵਸਥਾ ਨੇ ਲੋਕਾਂ ਦਾ ਨੱਕ ਵਿੱਚ ਕੀਤਾ ਦਮ, ਬਾਜ਼ਾਰਾਂ ਵਿੱਚ ਲੱਗ ਰਹੇ ਲੰਬੇ-ਲੰਬੇ ਜਾਮ

ਗੁਜ਼ਿਆਰਪੁਰ, 20 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਗੁਜ਼ਿਆਰਪੁਰ ਸ਼ਹਿਰ ਦੀ ਟਰੈਫਿਕ ਵਿਵਸਥਾ ਇੱਕ ਵਾਰ ਫਿਰ ਪੂਰੀ ਤਰ੍ਹਾਂ ਲੜਖੜਾ ਗਈ ਹੈ ਅਤੇ ਸ਼ਹਿਰ ਦੇ ਤਕਰੀਬਨ ਹਰ ਪ੍ਰਮੁੱਖ ਬਾਜ਼ਾਰ ਤੇ ਚੌਕ ਵਿੱਚ ਲੱਗਣ ਵਾਲੇ ਲੰਬੇ-ਲੰਬੇ ਜਾਮ ਆਮ ਲੋਕਾਂ ਲਈ ਵੱਡੀ ਸਿਰਦਰਦੀ ਬਣ ਚੁੱਕੇ ਹਨ। ਹਾਲਾਤ ਇੰਨੇ ਖ਼ਰਾਬ ਹੋ ਚੁੱਕੇ ਹਨ ਕਿ ਇੱਕ-ਅੱਧੇ ਚੌਕ ਨੂੰ ਛੱਡ ਕੇ ਜ਼ਿਆਦਾਤਰ ਥਾਵਾਂ 'ਤੇ ਟਰੈਫਿਕ ਮੁਲਾਜ਼ਮ ਨਜ਼ਰ ਹੀ ਨਹੀਂ ਆਉਂਦੇ। ਸ਼ਹਿਰ ਵਾਸੀਆਂ ਵਿੱਚ ਇਸ ਗੱਲ ਦੀ ਜ਼ੋਰਦਾਰ ਚਰਚਾ ਹੈ ਕਿ ਜਦੋਂ ਤੋਂ ਸਾਬਕਾ ਟਰੈਫਿਕ ਇੰਚਾਰਜ ਸੁਭਾਸ਼ ਭਗਤ ਦਾ ਤਬਾਦਲਾ ਕੀਤਾ ਗਿਆ ਹੈ, ਉਦੋਂ ਤੋਂ ਸ਼ਹਿਰ ਦੀ ਟਰੈਫਿਕ ਪ੍ਰਣਾਲੀ ਪੂਰੀ ਤਰ੍ਹਾਂ ਬੇਕਾਬੂ ਹੋ ਗਈ ਹੈ।

ਸਥਾਨਕ ਲੋਕਾਂ ਦਾ ਕਹਿਣਾ ਹੈ ਕਿ ਸੁਭਾਸ਼ ਭਗਤ ਨੇ ਆਪਣੇ ਕਾਰਜਕਾਲ ਦੌਰਾਨ ਰੇਲਵੇ ਸਟੇਸ਼ਨ ਚੌਕ, ਮਹਾਵੀਰ ਸੋਤ੍ਰ, ਗਊਸ਼ਾਲਾ ਬਾਜ਼ਾਰ ਅਤੇ ਘੰਟਾਘਰ ਵਰਗੇ ਭੀੜ-ਭੜੱਕੇ ਵਾਲੇ ਇਲਾਕਿਆਂ ਦੀ ਟਰੈਫਿਕ ਵਿਵਸਥਾ ਨੂੰ ਕਾਫ਼ੀ ਹੱਦ ਤੱਕ ਸੁਧਾਰ ਦਿੱਤਾ ਸੀ।

ਪਰ ਦੱਬੀ ਜ਼ੁਬਾਨ ਵਿੱਚ ਲੋਕ ਇਹ ਵੀ ਚਰਚਾ ਕਰ ਰਹੇ ਹਨ ਕਿ ਬੇਤਰਤੀਬੇ ਢੰਗ ਨਾਲ ਚੱਲਣ ਵਾਲੇ ਈ-ਰਿਕਸ਼ਾ ਚਾਲਕਾਂ ਖ਼ਿਲਾਫ਼ ਸਖ਼ਤੀ ਵਰਤਣਾ, ਚਲਾਨ ਕੱਟਣਾ ਅਤੇ ਦਿਨ ਵੇਲੇ ਬਾਜ਼ਾਰਾਂ ਵਿੱਚ ਭਾਰੀ ਵਾਹਨਾਂ ਦੇ ਦਾਖ਼ਲੇ 'ਤੇ ਰੋਕ ਲਾਉਣਾ ਸ਼ਾਇਦ ਸੱਤਾਧਾਰੀ ਧਿਰ ਦੇ ਆਗੂਆਂ ਨੂੰ ਰਾਸ ਨਹੀਂ ਆਇਆ। ਵੋਟ ਬੈਂਕ ਖਿਸਕਣ ਦੇ ਡਰੋਂ ਸਿਆਸੀ ਦਬਾਅ ਹੇਠ ਉਨ੍ਹਾਂ ਨੂੰ ਅਹੁਦੇ ਤੋਂ ਹਟਾ ਦਿੱਤਾ ਗਿਆ।

ਮੌਜੂਦਾ ਹਾਲਾਤਾਂ ਨੂੰ ਦੇਖਦਿਆਂ ਸ਼ਹਿਰ ਵਾਸੀ ਮੌਜੂਦਾ ਟਰੈਫਿਕ ਇੰਚਾਰਜ ਸੁਰਿੰਦਰ ਕੁਮਾਰ ਦੀ ਕਾਰਜਸ਼ੈਲੀ ਅਤੇ ਪਕੜ 'ਤੇ ਵੀ ਗੰਭੀਰ ਸਵਾਲ ਉਠਾ ਰਹੇ ਹਨ।

ਲੋਕਾਂ ਦਾ ਮੰਨਣਾ ਹੈ ਕਿ ਸ਼ਹਿਰ ਦੀ ਬੇਕਾਬੂ ਹੋ ਚੁੱਕੀ ਟਰੈਫਿਕ ਨੂੰ ਕੰਟਰੋਲ ਕਰਨਾ ਮੌਜੂਦਾ ਇੰਚਾਰਜ ਦੇ ਵੱਸ ਦੀ ਗੱਲ ਨਹੀਂ ਜਾਪਦੀ।

ਪੀ.ਸੀ.ਐਸ. ਅਧਿਕਾਰੀ ਇਸਮਤ ਵਿਜੈ ਸਿੰਘ ਨੇ ਬਤੌਰ ਏ.ਡੀ.ਸੀ. (ਜਨਰਲ) ਅਹੁਦਾ ਸੰਭਾਲਿਆ



ਸ੍ਰੀ ਫਤਹਿਗੜ੍ਹ ਸਾਹਿਬ,20 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

2016 ਬੈਚ ਦੇ ਪੀ.ਸੀ.ਐਸ ਅਧਿਕਾਰੀ ਸ਼੍ਰੀਮਤੀ ਇਸਮਤ ਵਿਜੈ ਸਿੰਘ ਨੇ ਅੱਜ ਫ਼ਤਹਿਗੜ੍ਹ ਸਾਹਿਬ ਜ਼ਿਲ੍ਹੇ ਦੇ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਦਾ ਅਹੁਦਾ ਸੰਭਾਲ ਲਿਆ। ਇਸ ਤੋਂ ਪਹਿਲਾਂ ਉਹ ਐਸ.ਡੀ.ਐਮ.ਧੂਰੀ ਤਾਇਨਾਤ ਸਨ। ਵਧੀਕ ਡਿਪਟੀ ਕਮਿਸ਼ਨਰ (ਜ) ਦਾ ਚਾਰਜ ਸੰਭਾਲਣ ਉਪਰੰਤ ਸ਼੍ਰੀਮਤੀ ਇਸਮਤ ਵਿਜੈ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਦੀਆਂ ਵੱਖ-ਵੱਖ ਲੋਕ ਭਲਾਈ ਸਕੀਮਾਂ ਨੂੰ ਹੇਠਲੇ ਪੱਧਰ ਤੇ ਹਰੇਕ ਯੋਗ ਲਾਭਪਾਤਰੀ ਤੱਕ ਪਹੁੰਚਾਉਣ ਨੂੰ ਤਰਜੀਹ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਵਾਸੀਆਂ ਨੂੰ ਸਰਕਾਰੀ ਸੇਵਾਵਾਂ ਦਾ ਲਾਭ ਸਰਲ ਤਰੀਕੇ ਨਾਲ ਦੇਣ ਸਮੇਤ ਸਿਹਤ, ਸਿੱਖਿਆ, ਪੀਣ ਵਾਲੇ ਪਾਣੀ, ਸਾਫ਼-ਸਫ਼ਾਈ ਅਤੇ ਬੁਨਿਆਦੀ ਢਾਂਚੇ ਨੂੰ ਹੋਰ ਮਜ਼ਬੂਤ ਕੀਤਾ ਜਾਵੇਗਾ।

ਏ.ਡੀ.ਸੀ. ਇਸਮਤ ਵਿਜੈ ਸਿੰਘ ਨੇ ਕਿਹਾ ਕਿ ਉਹ ਆਪਣੇ ਆਪ ਨੂੰ ਭਾਗਾਂਸ਼ਾਲੀ ਸਮਝਦੇ ਹਨ ਕਿ ਉਨ੍ਹਾਂ ਨੂੰ ਸ਼ਹੀਦਾਂ ਦੀ ਧਰਤੀ ਫ਼ਤਹਿਗੜ੍ਹ ਸਾਹਿਬ ਵਿਖੇ ਮੁੜ ਸੇਵਾਵਾਂ ਨਿਭਾਉਣ ਦਾ ਮੌਕਾ ਪ੍ਰਾਪਤ ਹੋਇਆ। ਉਨ੍ਹਾਂ ਕਿਹਾ ਕਿ ਜ਼ਿਲ੍ਹੇ ਦੀਆਂ ਨਗਰ ਕੌਂਸਲਾਂ ਰਾਹੀਂ ਸ਼ਹੀਦਾਂ ਦੀ ਧਰਤੀ ਨੂੰ ਸਾਫ ਸੁਥਰਾ ਤੇ ਖੂਬਸੂਰਤ ਬਣਾਇਆ ਜਾਵੇਗਾ ਤਾਂ ਜੋ ਦੇਸ਼ ਵਿਦੇਸ਼ ਤੋਂ ਲੱਖਾਂ ਦੀ ਗਿਣਤੀ ਵਿੱਚ ਗੁਰਦੁਆਰਾ ਸ਼੍ਰੀ ਫ਼ਤਹਿਗੜ੍ਹ ਸਾਹਿਬ, ਗੁਰਦੁਆਰਾ ਸ਼੍ਰੀ ਜੋਤੀ ਸਰੂਪ ਸਾਹਿਬ ਤੇ ਰੋਜ਼ਾ ਸ਼ਰੀਫ ਸਮੇਤ ਵੱਖ-ਵੱਖ ਧਾਰਮਿਕ ਸਥਾਨਾਂ ਤੇ ਨਤਮਸਤਕ ਹੋਣ ਲਈ ਪਹੁੰਚਣ ਵਾਲੀ ਸੰਗਤ ਨੂੰ ਕਿਸੇ ਕਿਸਮ ਦੀ ਕੋਈ ਪ੍ਰੇਸ਼ਾਨੀ ਪੇਸ਼ ਨਾ ਆਵੇ।

ਮਧੁਵਨ ਵਾਟਿਕਾ ਸਕੂਲ ਵਿਖੇ ਬਾਲ ਦਿਵਸ ਮੌਕੇ ਕਿੰਡਰਗਾਰਟਨ ਵਿੰਗ ਦੀ ਸਪੋਰਟਸ ਮੀਟ ਕਰਵਾਈ



ਨੂਰਪੁਰਬੇਦੀ 20 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਖੇਤਰ ਦੇ ਮਧੁਵਨ ਵਾਟਿਕਾ ਪਬਲਿਕ ਸਕੂਲ ਅਪ੍ਰਸਮਾਨਪੁਰ (ਨੂਰਪੁਰ ਬੇ

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਧੂਰੀ ਵਿਖੇ ਛਠ ਮਹਾਂਪਰਵ ਦੇ ਜਸ਼ਨਾਂ ਵਿੱਚ ਕੀਤੀ ਸ਼ਿਰਕਤ

➢ ਸਾਡੀ ਸਰਕਾਰ ਵੱਲੋਂ ਪੂਰੇ ਪੰਜਾਬ ਵਿੱਚ ਛਠ ਮਹਾਂਪਰਵ ਲਈ ਸ਼ਾਨਦਾਰ ਪ੍ਰਬੰਧ ਕੀਤੇ ਗਏ ਹਨ ➢ ਪੰਜਾਬ ਭਰ ਵਿੱਚ 108 ਥਾਵਾਂ 'ਤੇ ਲੱਖਾਂ ਲੋਕ ਬੜੇ ਉਤਸ਼ਾਹ ਨਾਲ ਛਠ ਮਹਾਂਪਰਵ ਮਨਾ ਰਹੇ ਹਨ ➢ ਪਰਵਾਸੀ ਭਰਾਵਾਂ ਨੇ ਪੰਜਾਬ ਦੀ ਤਰੱਕੀ ਅਤੇ ਖ਼ੁਸ਼ਹਾਲੀ ਵਿੱਚ ਵਡਮੁੱਲਾ ਯੋਗਦਾਨ ਪਾਇਆ ➢ ਸਾਡਾ ਰਿਸ਼ਤਾ ਸਿਰਫ਼ ਰੋਜ਼ਗਾਰ ਤੱਕ ਸੀਮਤ ਨਹੀਂ; ਇਹ ਭਰੋਸੇ ਅਤੇ ਭਾਈਚਾਰਕ ਸਾਂਝ ਦੀ ਭਾਵਨਾ 'ਤੇ ਆਧਾਰਿਤ ਹੈ: ਮੁੱਖ ਮੰਤਰੀ ਭਗਵੰਤ ਸਿੰਘ ਮਾਨ

ਧੂਰੀ, 20 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਛਠ ਪੂਜਾ ਦੇ ਜਸ਼ਨਾਂ ਵਿੱਚ ਸ਼ਰਧਾਲੂਆਂ ਨਾਲ ਸ਼ਿਰਕਤ ਕੀਤੀ, ਸਾਰਿਆਂ ਨੂੰ ਨਿੱਘੀ ਵਧਾਈ ਦਿੱਤੀ ਅਤੇ ਸਭ ਦੀ ਖ਼ੁਸ਼ੀ, ਖ਼ੁਸ਼ਹਾਲੀ, ਚੰਗੀ ਸਿਹਤ ਅਤੇ ਤੰਦਰੁਸਤੀ ਲਈ ਅਰਦਾਸ ਕੀਤੀ। ਤਿਉਹਾਰ ਦੀ ਆਸਥਾ, ਸ਼ੁਕਰਾਨੇ ਅਤੇ ਏਕਤਾ ਦੇ ਸੰਦੇਸ਼ 'ਤੇ ਜ਼ੋਰ ਦਿੰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਜਦੋਂ ਲੋਕ ਇੱਕ-ਦੂਜੇ ਦੇ ਤਿਉਹਾਰ ਆਪਸੀ ਉਤਸ਼ਾਹ ਨਾਲ ਮਨਾਉਂਦੇ ਹਨ ਤਾਂ ਪੰਜਾਬ ਦੀ ਫਿਰਕੂ ਸਦਭਾਵਨਾ ਅਤੇ ਆਪਸੀ ਸਤਿਕਾਰ ਦੀ ਅਮੀਰ ਵਿਰਾਸਤ ਹੋਰ ਮਜ਼ਬੂਤ ਹੁੰਦੀ ਹੈ। ਸੋਸ਼ਲ ਮੀਡੀਆ ਪਲੇਟਫ਼ਾਰਮ 'ਐਕਸ' ਉੱਤੇ ਛਠ ਪੂਜਾ ਦੀਆਂ ਕੁਝ ਝਲਕੀਆਂ ਸਾਂਝੀਆਂ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਅੱਜ ਮੈਂ ਧੂਰੀ ਵਿਖੇ ਛਠ ਪੂਜਾ ਵਿੱਚ ਹਿੱਸਾ ਲਿਆ ਅਤੇ ਛਠੀ ਮਈਆ ਦਾ ਆਸ਼ੀਰਵਾਦ ਪ੍ਰਾਪਤ ਕੀਤਾ।

ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬੇ ਭਰ ਵਿੱਚ ਹਜ਼ਾਰਾਂ ਲੋਕ ਬੜੀ ਸ਼ਰਧਾ, ਉਤਸ਼ਾਹ ਅਤੇ ਧਾਰਮਿਕ ਭਾਵਨਾ ਨਾਲ ਛਠ ਪੂਜਾ ਮਨਾ ਰਹੇ ਹਨ। ਉਨ੍ਹਾਂ ਕਿਹਾ, ਮੈਂ ਛਠੀ ਮਈਆ ਅਤੇ ਸੂਰਜ ਦੇਵ ਅੱਗੇ ਸਾਰਿਆਂ ਦੀ ਸ਼ਾਂਤੀ, ਚੰਗੀ ਸਿਹਤ ਅਤੇ ਖ਼ੁਸ਼ਹਾਲੀ ਲਈ ਅਰਦਾਸ ਕਰਦਾ ਹਾਂ ਅਤੇ ਆਸ ਕਰਦਾ ਹਾਂ ਕਿ ਪਿਆਰ, ਆਪਸੀ ਸਤਿਕਾਰ ਅਤੇ ਭਾਈਚਾਰੇ ਦੀਆਂ ਤੰਦਾਂ ਹੋਰ ਮਜ਼ਬੂਤ ਹੁੰਦੀਆਂ ਰਹਿਣਗੀਆਂ।

ਤਿਉਹਾਰ ਦੀ ਮਹੱਤਤਾ ਦਾ ਵਰਣਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ, ਛਠ ਪੂਜਾ ਸਿਰਫ਼ ਇੱਕ ਧਾਰਮਿਕ ਤਿਉਹਾਰ ਹੀ ਨਹੀਂ, ਸਗੋਂ ਇੱਕ ਪਵਿੱਤਰ ਮੌਕਾ ਹੈ, ਜੋ ਆਸਥਾ, ਅਨੁਸ਼ਾਸਨ ਅਤੇ ਕੁਦਰਤ ਪ੍ਰਤੀ ਸ਼ੁਕਰਾਨੇ ਦਾ ਪ੍ਰਤੀਕ ਹੈ। ਸੂਰਜ ਨੂੰ ਜੀਵਨ, ਊਰਜਾ, ਰੌਸ਼ਨੀ ਅਤੇ ਚੰਗੀ ਸਿਹਤ ਦੇ ਸਰੋਤ ਵਜੋਂ ਪੂਜਿਆ ਜਾਂਦਾ ਹੈ, ਜੋ ਸਾਨੂੰ ਸਾਡੀ ਹੋਂਦ ਵਿੱਚ ਕੁਦਰਤ ਦੇ ਯੋਗਦਾਨ ਦੀ ਯਾਦ ਦਿਵਾਉਂਦਾ ਹੈ।

ਉਨ੍ਹਾਂ ਅੱਗੇ ਕਿਹਾ, ਡੁੱਬਦੇ ਅਤੇ ਚੜ੍ਹਦੇ ਸੂਰਜ ਦੋਵਾਂ ਨੂੰ ਅਰਘ ਦੇਣ ਦੀ ਪਰੰਪਰਾ ਛਠ ਪੂਜਾ ਦੇ ਸਭ ਤੋਂ ਵਿਲੱਖਣ ਪਹਿਲੂਆਂ ਵਿੱਚੋਂ ਇੱਕ ਹੈ। ਇਹ ਸਾਨੂੰ ਜੀਵਨ ਦੇ ਹਰ ਪੜਾਅ ਅਤੇ ਹਰ ਵਿਅਕਤੀ ਦਾ ਸਤਿਕਾਰ ਕਰਨਾ ਸਿਖਾਉਂਦੀ ਹੈ। ਇਹ ਤਿਉਹਾਰ ਸਾਨੂੰ ਸਫ਼ਾਈ, ਸੰਜਮ, ਅਨੁਸ਼ਾਸਨ ਅਤੇ ਕੁਦਰਤ ਨਾਲ ਡੂੰਘਾ ਨਾਤਾ ਜੋੜਨ ਲਈ ਵੀ ਪ੍ਰੇਰਿਤ ਕਰਦਾ ਹੈ।



ਬਿਹਾਰ ਅਤੇ ਪੂਰਵਾਂਚਲ ਤੋਂ ਪੰਜਾਬ ਆ ਕੇ ਵਸੇ ਲੋਕਾਂ ਦੇ ਯੋਗਦਾਨ ਦੀ ਗੱਲ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਸਾਡੇ ਪਰਵਾਸੀ ਭੈਣ-ਭਰਾ ਪੰਜਾਬ ਦੀ ਤਰੱਕੀ ਅਤੇ ਖ਼ੁਸ਼ਹਾਲੀ ਵਿੱਚ ਅਨਮੋਲ ਯੋਗਦਾਨ ਪਾ ਰਹੇ ਹਨ। ਉਨ੍ਹਾਂ ਦੀ ਸਖ਼ਤ ਮਿਹਨਤ, ਲਗਨ ਅਤੇ ਸਮਰਪਣ ਖੇਤੀਬਾੜੀ, ਉਦਯੋਗ, ਵਪਾਰ ਅਤੇ ਕਈ ਹੋਰ ਖੇਤਰਾਂ ਦੇ ਵਿਕਾਸ ਵਿੱਚ ਅਹਿਮ ਭੂਮਿਕਾ ਨਿਭਾ ਰਿਹਾ ਹੈ। ਸੂਬੇ ਦੇ ਵਿਕਾਸ ਵਿੱਚ ਉਨ੍ਹਾਂ ਦਾ ਯੋਗਦਾਨ ਬੇਮਿਸਾਲ ਹੈ।

ਮੁੱਖ ਮੰਤਰੀ ਨੇ ਅੱਗੇ ਕਿਹਾ, ਬਿਹਾਰ ਅਤੇ ਪੂਰਵਾਂਚਲ ਦੇ ਸਾਡੇ ਭੈਣਾਂ-ਭਰਾਵਾਂ ਨਾਲ ਸਾਡਾ ਰਿਸ਼ਤਾ ਸਿਰਫ਼ ਰੋਜ਼ਗਾਰ ਤੱਕ ਸੀਮਤ ਨਹੀਂ ਹੈ। ਇਹ ਸੱਭਿਆਚਾਰਕ ਸਾਂਝ, ਆਪਸੀ ਭਰੋਸੇ, ਪਿਆਰ ਅਤੇ ਭਾਈਚਾਰੇ ਦੀਆਂ ਜੜ੍ਹਾਂ ਨਾਲ ਜੁੜੀ ਮਜ਼ਬੂਤ ਸਾਂਝ ਹੈ। ਪੰਜਾਬ ਵਿੱਚ ਰਹਿਣ ਵਾਲਾ ਹਰ ਵਿਅਕਤੀ ਸਾਡੇ ਵੱਡੇ ਪਰਿਵਾਰ ਦਾ ਹਿੱਸਾ ਹੈ ਅਤੇ ਸੂਬੇ ਦੀ ਤਰੱਕੀ ਵਿੱਚ ਯੋਗਦਾਨ ਪਾਉਣ ਵਾਲੇ ਸਮਾਜ ਦੇ ਹਰ ਵਰਗ ਦਾ ਸਤਿਕਾਰ ਕਰਨਾ ਸਾਡੀ ਸਾਂਝੀ ਜ਼ਿੰਮੇਵਾਰੀ ਹੈ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਦੀ ਅਸਲ ਤਾਕਤ ਇਸ ਦੀ ਏਕਤਾ, ਫਿਰਕੂ ਸਦਭਾਵਨਾ, ਭਾਈਚਾਰਕ ਸਾਂਝ ਅਤੇ 'ਸਰਬੱਤ ਦਾ ਭਲਾ' ਦੀ ਭਾਵਨਾ ਵਿੱਚ ਹੈ। ਉਨ੍ਹਾਂ ਕਿਹਾ, ਸਾਡੀ ਸਰਕਾਰ ਹਰ ਭਾਈਚਾਰੇ, ਧਰਮ ਅਤੇ ਸਮਾਜ ਦੇ ਹਰ ਵਰਗ ਦੀਆਂ ਭਾਵਨਾਵਾਂ ਦਾ ਸਤਿਕਾਰ ਕਰਦੀ ਹੈ। ਸਾਡਾ ਉਦੇਸ਼ ਇੱਕ ਅਜਿਹਾ ਮਾਹੌਲ ਸਿਰਜਣਾ ਹੈ, ਜਿੱਥੇ ਹਰ ਨਾਗਰਿਕ ਨੂੰ ਬਰਾਬਰ ਦੇ ਮੌਕੇ, ਸੁਰੱਖਿਆ ਅਤੇ ਮਾਣ-ਸਨਮਾਨ ਮਿਲੇ। ਸਾਰੇ ਧਰਮਾਂ ਅਤੇ ਸੱਭਿਆਚਾਰਾਂ ਦੇ ਤਿਉਹਾਰ ਮਿਲ ਕੇ ਮਨਾਉਣਾ ਸਾਡੀ ਅਮੀਰ ਵਿਰਾਸਤ ਦਾ ਅਨਿੱਖੜਵਾਂ ਅੰਗ ਹੈ।

ਮੁੱਖ ਮੰਤਰੀ ਨੇ ਅੱਗੇ ਕਿਹਾ ਕਿ ਸਾਡੀ ਸਰਕਾਰ ਨੇ ਛਠ ਪੂਜਾ ਲਈ ਸੂਬੇ ਭਰ ਵਿੱਚ 104 ਥਾਵਾਂ ਦੀ ਪਛਾਣ ਕੀਤੀ ਹੈ ਅਤੇ ਸ਼ਰਧਾਲੂਆਂ ਦੀ ਸਹੂਲਤ ਲਈ ਵਿਆਪਕ ਪ੍ਰਬੰਧ ਕੀਤੇ ਹਨ। ਉਨ੍ਹਾਂ ਕਿਹਾ ਕਿ ਇਹ ਤਿਉਹਾਰ ਭਾਈਚਾਰਿਆਂ ਵਿਚਕਾਰ ਸਾਂਝ ਨੂੰ ਮਜ਼ਬੂਤ ਕਰਦਾ ਹੈ ਅਤੇ ਆਸਥਾ, ਸ਼ਰਧਾ, ਏਕਤਾ ਅਤੇ ਸਮੂਹਿਕ ਸ਼ਮੂਲੀਅਤ ਦੀਆਂ ਕਦਰਾਂ-ਕੀਮਤਾਂ ਨੂੰ ਉਤਸ਼ਾਹਿਤ ਕਰਦਾ ਹੈ।

ਪੰਜਾਬ ਦੇ ਵਿਕਾਸ ਵਿੱਚ ਪਰਵਾਸੀ ਮਜ਼ਦੂਰਾਂ ਦੇ ਯੋਗਦਾਨ ਈ ਨਿਸ਼ਾਨਦੇਹੀ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਉਨ੍ਹਾਂ ਦੀ ਭੂਮਿਕਾ ਉਸਾਰੀ, ਵਪਾਰ ਅਤੇ ਹੋਰ ਆਰਥਿਕ ਗਤੀਵਿਧੀਆਂ ਸਮੇਤ ਕਈ ਖੇਤਰਾਂ ਵਿੱਚ ਫੈਲੀ ਹੋਈ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੀ ਤਰੱਕੀ ਇੱਕ ਸਾਂਝਾ ਉਪਰਾਲਾ ਹੈ ਅਤੇ ਸੂਬੇ ਦੀ ਖ਼ੁਸ਼ਹਾਲੀ ਲਈ ਕੰਮ ਕਰਨ ਵਾਲਾ ਹਰ ਵਿਅਕਤੀ ਸਤਿਕਾਰ ਅਤੇ ਪਛਾਣ ਦਾ ਹੱਕਦਾਰ ਹੈ।

ਪਰਵਾਸੀ ਮਜ਼ਦੂਰਾਂ ਨੂੰ ਆਪਣੇ ਬੱਚਿਆਂ ਦੀ ਪੜ੍ਹਾਈ ਨੂੰ ਤਰਜੀਹ ਦੇਣ ਦੀ ਅਪੀਲ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਮੈਂ ਸਾਰੇ ਪਰਵਾਸੀ ਪਰਿਵਾਰਾਂ ਨੂੰ ਅਪੀਲ ਕਰਦਾ ਹਾਂ ਕਿ ਉਹ ਯਕੀਨੀ ਬਣਾਉਣ ਕਿ ਉਨ੍ਹਾਂ ਦੇ ਬੱਚੇ ਚੰਗੀ ਸਿੱਖਿਆ ਪ੍ਰਾਪਤ ਕਰਨ ਅਤੇ ਜੀਵਨ ਵਿੱਚ ਅੱਗੇ ਵਧਣ। ਪੰਜਾਬ ਸਰਕਾਰ ਚੰਗੇ ਸਕੂਲ ਸਥਾਪਤ ਕਰ ਰਹੀ ਹੈ ਤਾਂ ਜੋ ਹਰ ਪਿਛੋਕੜ ਦੇ ਬੱਚੇ ਮਿਆਰੀ ਸਿੱਖਿਆ ਪ੍ਰਾਪਤ ਕਰ ਸਕਣ, ਅਫ਼ਸਰ ਬਣਨ ਦੇ ਸੁਪਨੇ ਦੇਖ ਸਕਣ ਅਤੇ ਸਮਾਜ ਵਿੱਚ ਸਾਰਥਕ ਯੋਗਦਾਨ ਪਾ ਸਕਣ।

ਸਾਰਿਆਂ ਨੂੰ ਛਠ ਪੂਜਾ ਦੀ ਵਧਾਈ ਦਿੰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸ਼ਰਧਾਲੂਆਂ ਨੂੰ ਭਾਈਚਾਰੇ, ਸਦਭਾਵਨਾ ਅਤੇ ਆਪਸੀ ਸਤਿਕਾਰ ਦੀਆਂ ਕਦਰਾਂ-ਕੀਮਤਾਂ ਕਾਇਮ ਰੱਖਦੇ ਹੋਏ ਖ਼ੁਸ਼ੀ, ਉਤਸ਼ਾਹ ਅਤੇ ਸ਼ਰਧਾ ਨਾਲ ਤਿਉਹਾਰ ਮਨਾਉਣ ਦੀ ਅਪੀਲ ਕੀਤੀ।

ਹਲਕਾ ਖਰੜ ਤੋਂ ਟਿਕਟ ਐਲਾਨ ਮਗਰੋਂ ਪਰਮਿੰਦਰ ਗੋਲਡੀ ਨੇ ਕੁਰਾਲੀ 'ਚ ਕੱਢਿਆ ਪੈਦਲ ਮਾਰਚ



ਕੁਰਾਲੀ, 20 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਆਮ ਆਦਮੀ ਪਾਰਟੀ ਵੱਲੋਂ ਹਲਕਾ ਖਰੜ ਤੋਂ ਪਰਮਿੰਦਰ ਸਿੰਘ ਗੋਲਡੀ ਨੂੰ ਪਾਰਟੀ ਦੀ ਟਿਕਟ ਦਿੱਤੇ ਜਾਣ ਤੋਂ ਬਾਅਦ ਇਲਾਕੇ ਵਿੱਚ ਪਾਰਟੀ ਵਰਕਰਾਂ ਅਤੇ ਸਮਰਥਕਾਂ ਵਿੱਚ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ। ਟਿਕਟ ਮਿਲਣ ਉਪਰੰਤ ਪਰਮਿੰਦਰ ਸਿੰਘ ਗੋਲਡੀ ਨੇ ਕੁਰਾਲੀ 'ਚ ਪਹਿਲਾਂ ਧਾਰਮਿਕ ਸਥਾਨਾਂ ਤੇ ਨਤ-ਮਸਤਕ ਹੋਏ।

ਇਸ ਤੋਂ ਬਾਅਦ ਉਨ੍ਹਾਂ ਵੱਲੋਂ ਕੁਰਾਲੀ ਸ਼ਹਿਰ ਵਿੱਚ ਪੈਦਲ ਮਾਰਚ ਕੀਤਾ ਗਿਆ। ਇਸ ਮੌਕੇ ਆਮ ਆਦਮੀ ਪਾਰਟੀ ਦੇ ਵੱਖ-ਵੱਖ ਆਗੂਆਂ, ਅਹੁਦੇਦਾਰਾਂ, ਵਰਕਰਾਂ ਅਤੇ ਸਮਰਥਕਾਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ। ਪੈਦਲ ਮਾਰਚ ਦੌਰਾਨ ਸ਼ਹਿਰ ਵਾਸੀਆਂ ਨੇ ਥਾਂ-ਥਾਂ 'ਤੇ ਉਨ੍ਹਾਂ ਦਾ ਸਵਾਗਤ ਕੀਤਾ ਅਤੇ ਫੁੱਲਾਂ ਦੀ ਵਰਖਾ ਕਰਕੇ ਵਧਾਈ ਦਿੱਤੀ।

ਪਰਮਿੰਦਰ ਸਿੰਘ ਗੋਲਡੀ ਨੇ ਲੋਕਾਂ ਨਾਲ ਮੁਲਾਕਾਤ ਕਰਦਿਆਂ ਉਨ੍ਹਾਂ ਦਾ ਆਸ਼ੀਰਵਾਦ ਅਤੇ ਸਮਰਥਨ ਪ੍ਰਾਪਤ ਕੀਤਾ।

ਇਸ ਮੌਕੇ ਗੋਲਡੀ ਨੇ ਲੋਕਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਪਾਰਟੀ ਵੱਲੋਂ ਉਨ੍ਹਾਂ ਨੂੰ ਦਿੱਤੀ ਗਈ ਜ਼ਿੰਮੇਵਾਰੀ ਅਤੇ ਭਰੋਸੇ 'ਤੇ ਉਹ ਪੂਰੀ ਤਰ੍ਹਾਂ ਖਰਾ ਉਤਰਨ ਦੀ ਕੋਸ਼ਿਸ਼ ਕਰਨਗੇ। ਉਨ੍ਹਾਂ ਕਿਹਾ ਕਿ ਲੋਕਾਂ ਦਾ ਪਿਆਰ ਅਤੇ ਸਹਿਯੋਗ ਹੀ ਉਨ੍ਹਾਂ ਦੀ ਸਭ ਤੋਂ ਵੱਡੀ ਤਾਕਤ ਹੈ ਅਤੇ ਉਹ ਹਲਕੇ ਦੇ ਲੋਕਾਂ ਦੀ ਸੇਵਾ ਲਈ ਹਮੇਸ਼ਾ ਸਮਰਪਿਤ ਰਹਿਣਗੇ।

ਜ਼ਿਕਰਯੋਗ ਹੈ ਕਿ ਆਮ ਆਦਮੀ ਪਾਰਟੀ ਵੱਲੋਂ ਪਰਮਿੰਦਰ ਸਿੰਘ ਗੋਲਡੀ ਨੂੰ ਕਰੀਬ ਦੋ ਮਹੀਨੇ ਪਹਿਲਾਂ ਹਲਕਾ ਖਰੜ ਦਾ ਇੰਚਾਰਜ ਨਿਯੁਕਤ ਕੀਤਾ ਗਿਆ ਸੀ। ਹੁਣ ਪਾਰਟੀ ਵੱਲੋਂ ਉਨ੍ਹਾਂ ਨੂੰ ਹਲਕਾ ਖਰੜ ਤੋਂ ਟਿਕਟ ਦਿੱਤੇ ਜਾਣ ਤੋਂ ਬਾਅਦ ਪਾਰਟੀ ਆਗੂਆਂ ਅਤੇ ਵਰਕਰਾਂ ਵਿੱਚ ਨਵਾਂ ਉਤਸ਼ਾਹ ਦੇਖਣ ਨੂੰ ਮਿਲ ਰਿਹਾ ਹੈ।

ਐਮ.ਆਰ.ਐੱਸ.ਪੀ.ਟੀ.ਯੂ. ਦੇ ਮੁੱਖ ਕੈਂਪਸ ਨੇ ਯੁਵਕ ਮੇਲੇ ਦੀ ਓਵਰਆਲ ਟਰਾਫ਼ੀ ਜਿੱਤੀ; ਪੰਜ ਵਿੱਚੋਂ ਤਿੰਨ ਸ਼ ਲੋਕੀਆਂ ਵਿੱਚ ਮਾਰੀ ਬਾਜ਼ੀ

ਬਠਿੰਡਾ, 20 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ (ਐਮ.ਆਰ.ਐੱਸ.ਪੀ.ਟੀ.ਯੂ.), ਬਠਿੰਡਾ ਦੇ ਮੁੱਖ ਕੈਂਪਸ ਨੇ ਆਪਣੀਆਂ ਸੱਭਿਆਚਾਰਕ ਪ੍ਰਾਪਤੀਆਂ ਵਿੱਚ ਇੱਕ ਹੋਰ ਵੱਡਾ ਮੀਲ ਪੱਥਰ ਸਥਾਪਤ ਕਰਦਿਆਂ 11ਵੇਂ ਅੰਤਰ-ਜ਼ੋਨਲ ਯੁਵਕ ਮੇਲੇ-2026 ਦੀ ਓਵਰਆਲ ਟਰਾਫ਼ੀ ਆਪਣੇ ਨਾਮ ਕਰ ਲਈ ਹੈ।

ਯੂਨੀਵਰਸਿਟੀ ਦੇ ਮੁੱਖ ਕੈਂਪਸ ਵਿਖੇ 11 ਤੋਂ 13 ਨਵੰਬਰ ਤੱਕ ਕਰਵਾਏ ਗਏ ਇਸ ਤਿੰਨ ਰੋਜ਼ਾ ਯੁਵਕ ਮੇਲੇ ਦੌਰਾਨ ਮੁੱਖ ਕੈਂਪਸ ਨੇ ਪੰਜ ਵਿੱਚੋਂ ਤਿੰਨ ਸ਼ ਲੋਕੀਆਂ -ਲੋਕ ਨਾਚ, ਥੀਏਟਰ ਅਤੇ ਲਲਿਤ ਕਲਾਵਾਂ ਵਿੱਚ ਪਹਿਲੀਆਂ ਟਰਾਫ਼ੀਆਂ ਜਿੱਤ ਕੇ ਆਪਣੀ ਸਰਵੋਤਮਤਾ ਸਾਬਤ ਕੀਤੀ।

'ਜੁਗ ਜੁਗ ਜੀਵੇ ਪੰਜਾਬ' ਦੇ ਥੀਮ ਅਧੀਨ ਕਰਵਾਏ ਗਏ ਇਸ ਸੱਭਿਆਚਾਰਕ ਮਹਾਂਕੁੰਭ ਵਿੱਚ ਮੁੱਖ ਕੈਂਪਸ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ।



ਮੁੱਖ ਕੈਂਪਸ ਦੇ ਲਗਭਗ 120 ਵਿਦਿਆਰਥੀਆਂ ਨੇ ਸੰਗੀਤ, ਨਾਚ, ਥੀਏਟਰ, ਲਲਿਤ ਕਲਾਵਾਂ ਅਤੇ ਸਾਹਿਤਕ ਮੁਕਾਬਲਿਆਂ ਵਿੱਚ ਭਾਗ ਲੈਂਦਿਆਂ ਆਪਣੀ ਕਲਾ, ਪ੍ਰਤਿਭਾ ਅਤੇ ਸਿਰਜਣਾਤਮਕਤਾ ਦਾ ਸ਼ਾਨਦਾਰ ਪ੍ਰਗਟਾਵਾ ਕੀਤਾ।

ਵਿਅਕਤੀਗਤ ਮੁਕਾਬਲਿਆਂ ਵਿੱਚ ਯੂਨੀਵਰਸਿਟੀ ਦੇ ਹਰਿੰਦਰ ਸਿੰਘ ਨੇ ਥੀਏਟਰ ਵਿੱਚ ਸਰਵੋਤਮ ਅਦਾਕਾਰ ਦਾ ਪੁਰਸਕਾਰ ਜਿੱਤਿਆ, ਜਦਕਿ ਰਮਿੰਦਰ ਸਿੰਘ ਨੂੰ ਸਰਵੋਤਮ ਭੰਗੜਾ ਕਲਾਕਾਰ ਅਤੇ ਸ਼ਿਸ਼ਟੀ ਨੂੰ ਸਰਵੋਤਮ ਲੁੱਡੀ ਕਲਾਕਾਰ ਐਲਾਨਿਆ ਗਿਆ।

ਜੇਤੂ ਟੀਮਾਂ ਨੂੰ ਵਧਾਈ ਦਿੰਦਿਆਂ ਯੂਨੀਵਰਸਿਟੀ ਦੇ ਉਪ-ਕੁਲਪਤੀ ਪ੍ਰੋ. ਸੰਜੀਵ ਕੁਮਾਰ ਸ਼ਰਮਾ ਨੇ ਇਸ ਸ਼ਾਨਦਾਰ ਪ੍ਰਾਪਤੀ ਨੂੰ ਯੂਨੀਵਰਸਿਟੀ ਲਈ ਮਾਣ ਵਾਲਾ ਪਲ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਇਹ ਜਿੱਤ ਵਿਦਿਆਰਥੀਆਂ ਦੀ ਪ੍ਰਤਿਭਾ, ਸਮਰਪਣ ਭਾਵਨਾ ਅਤੇ ਟੀਮ ਵਰਕ ਦਾ ਨਤੀਜਾ ਹੈ। ਉਨ੍ਹਾਂ ਇਸ ਸਫ਼ਲਤਾ ਵਿੱਚ ਅਧਿਆਪਕ ਮਾਰਗਦਰਸ਼ਕਾਂ ਅਤੇ ਸੱਭਿਆਚਾਰਕ ਕੋਆਰਡੀਨੇਟਰਾਂ ਦੇ ਅਹਿਮ ਯੋਗਦਾਨ ਦੀ ਵੀ ਸ਼ਲਾਘਾ ਕੀਤੀ।

ਯੂਨੀਵਰਸਿਟੀ ਦੇ ਰਜਿਸਟਰਾਰ-ਕਮ-ਡੀਨ ਵਿਦਿਆਰਥੀ ਭਲਾਈ ਪ੍ਰੋ. ਪਰਮਜੀਤ ਸਿੰਘ ਨੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਇਸ ਸ਼ਾਨਦਾਰ ਜਿੱਤ ਲਈ ਮੁਬਾਰਕਬਾਦ ਦਿੱਤੀ। ਉਨ੍ਹਾਂ ਕਿਹਾ ਕਿ ਇਹ ਸਫ਼ਲਤਾ ਸੁਚੱਜੀ ਯੋਜਨਾਬੰਦੀ, ਬਾਰੀਕੀ ਨਾਲ ਕੀਤੀ ਤਿਆਰੀ ਅਤੇ ਭਾਗ ਲੈਣ ਵਾਲੀਆਂ ਟੀਮਾਂ ਦੇ ਨਿਰੰਤਰ ਯਤਨਾਂ ਦਾ ਨਤੀਜਾ ਹੈ। ਉਨ੍ਹਾਂ ਵਿਦਿਆਰਥੀਆਂ ਦੀ ਲਗਨ, ਅਧਿਆਪਕਾਂ ਦੀ ਅਗਵਾਈ ਅਤੇ ਟੀਮਾਂ ਵਿਚਕਾਰ ਬਿਹਤਰੀਨ ਤਾਲਮੇਲ ਦੀ ਵਿਸ਼ੇਸ਼ ਤੌਰ 'ਤੇ ਸ਼ਲਾਘਾ ਕੀਤੀ, ਜਿਸ ਸਦਕਾ ਮੁੱਖ ਕੈਂਪਸ ਨੇ ਵੱਖ-ਵੱਖ ਕਲਾਵਾਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ। ਉਨ੍ਹਾਂ ਕਿਹਾ ਕਿ ਅਜਿਹੀਆਂ ਪ੍ਰਾਪਤੀਆਂ ਅਕਾਦਮਿਕ ਉੱਤਮਤਾ ਦੇ ਨਾਲ-ਨਾਲ ਵਿਦਿਆਰਥੀਆਂ ਵਿੱਚ ਸਿਰਜਣਾਤਮਕਤਾ, ਆਤਮ-ਵਿਸ਼ਵਾਸ ਅਤੇ ਸਰਬਪੱਖੀ ਸ਼ਖ਼ਸੀਅਤ ਦੇ ਵਿਕਾਸ ਲਈ ਯੂਨੀਵਰਸਿਟੀ ਦੀ ਵਚਨਬੱਧਤਾ ਨੂੰ ਦਰਸਾਉਂਦੀਆਂ ਹਨ।

ਕੈਂਪਸ ਡਾਇਰੈਕਟਰ ਪ੍ਰੋ. ਸਰਬਜੀਤ ਕੌਰ ਬਾਠ ਨੇ ਵੀ ਜੇਤੂਆਂ ਨੂੰ ਉਨ੍ਹਾਂ ਦੇ ਸ਼ਾਨਦਾਰ ਪ੍ਰਦਰਸ਼ਨ ਲਈ ਦਿਲੋਂ ਵਧਾਈ ਦਿੱਤੀ।

ਯੂਨੀਵਰਸਿਟੀ ਦੇ ਡਾਇਰੈਕਟਰ ਯੂਥ ਵੈਲਫੇਅਰ, ਡਾ. ਇਕਬਾਲ ਸਿੰਘ ਬਰਾੜ ਅਤੇ ਸੱਭਿਆਚਾਰਕ ਕੋਆਰਡੀਨੇਟਰ, ਡਾ. ਗਗਨਦੀਪ ਕੌਰ ਨੇ ਕਿਹਾ ਕਿ ਇਹ ਜਿੱਤ ਵਿਦਿਆਰਥੀਆਂ ਦੀ ਮਹੀਨਿਆਂ ਦੀ ਸਖ਼ਤ ਮਿ

ਭਾਰਤ 'ਚ 5 ਲੱਖ ਗੰਢ ਘਟੇਗਾ ਕਪਾਹ ਦਾ ਉਤਪਾਦਨ, ਸਰਦੀ ਤੋਂ ਪਹਿਲਾਂ ਫਿਰ ਮਹਿੰਗੇ ਹੋਣਗੇ ਕੱਪੜੇ ? ਚੀਨ 'ਤੇ ਰਹਿਣਗੀਆਂ ਨਜ਼ਰਾਂ

ਕੌਮੀ ਪੜ੍ਹਿਕਾ

ਨਵੀਂ ਦਿੱਲੀ 20 ਨਵੰਬਰ। ਭਾਰਤ ਦਾ ਟੈਕਸਟਾਈਲ ਸੈਕਟਰ ਤੇਜ਼ੀ ਨਾਲ ਅੱਗੇ ਵਧ ਰਿਹਾ ਹੈ। ਇਸ ਲਈ ਸਭ ਤੋਂ ਜ਼ਰੂਰੀ ਕੱਚਾ ਮਾਲ ਕਪਾਹ ਹੈ। ਸਾਲ 2026-27 ਦੇ ਸੀਜ਼ਨ ਵਿੱਚ ਦੁਨੀਆ ਦਾ ਕਪਾਹ ਉਤਪਾਦਨ ਕਰੀਬ 5 ਲੱਖ ਗੰਢ ਘਟ ਕੇ 11.75 ਕਰੋੜ ਗੰਢ ਰਹਿਣ ਦਾ ਅਨੁਮਾਨ ਹੈ। ਅਮਰੀਕੀ ਖੇਤੀਬਾੜੀ ਵਿਭਾਗ ਨੇ ਮੰਗਲਵਾਰ ਨੂੰ ਜਾਰੀ ਆਪਣੀ ਮਾਸਿਕ ਗਲੋਬਲ ਕਪਾਹ ਬਾਜ਼ਾਰ ਰਿਪੋਰਟ ਵਿੱਚ ਇਹ ਅਨੁਮਾਨ ਲਗਾਇਆ ਹੈ। ਰਿਪੋਰਟ ਮੁਤਾਬਕ ਭਾਰਤ, ਅਮਰੀਕਾ ਅਤੇ ਤੁਰਕੀ ਵਿੱਚ ਉਤਪਾਦਨ ਘਟਣ ਨਾਲ ਵਿਸ਼ਵ ਪੱਧਰ 'ਤੇ ਉਤਪਾਦਨ ਪ੍ਰਭਾਵਿਤ ਹੋਵੇਗਾ। ਹਾਲਾਂਕਿ, ਚੀਨ ਅਤੇ ਆਸਟ?ਰੇਲੀਆ ਵਿੱਚ ਉਤਪਾਦਨ ਵਧਣ ਨਾਲ ਇਸ ਗਿਰਾਵਟ ਨੂੰ ਕੁਝ ਹੱਦ ਤੱਕ ਘੱਟ ਕਰਨ ਵਿੱਚ ਮਦਦ ਮਿਲੇਗੀ। ਰਿਪੋਰਟ ਮੁਤਾਬਕ, ਦੁਨੀਆ ਦੇ ਦੂਜੇ ਸਭ ਤੋਂ ਵੱਡੇ ਕਪਾਹ ਉਤਪਾਦਕ ਭਾਰਤ ਦਾ ਉਤਪਾਦਨ 5 ਲੱਖ ਗੰਢ ਘਟ ਕੇ 2.35 ਕਰੋੜ ਗੰਢ ਰਹਿਣ ਦਾ ਅਨੁਮਾਨ ਹੈ। ਇਸ ਦਾ ਕਾਰਨ ਪ੍ਰਤੀਕੂਲ ਮੌਸਮੀ ਹਾਲਾਤ ਦੱਸਿਆ ਗਿਆ ਹੈ। ਉੱਥੇ ਹੀ, ਦੁਨੀਆ ਦੇ ਸਭ ਤੋਂ ਵੱਡੇ ਕਪਾਹ ਉਤਪਾਦਕ ਚੀਨ ਦਾ ਉਤਪਾਦਨ 5 ਲੱਖ ਗੰਢ ਵਧਾ ਕੇ 3.40 ਕਰੋੜ ਗੰਢ ਕਰ ਦਿੱਤਾ ਗਿਆ ਹੈ। ਉੱਥੇ ਬਿਹਤਰ



ਉਤਪਾਦਕਤਾ ਕਾਰਨ ਇਹ ਵਾਧਾ ਹੋਣ ਦਾ ਅਨੁਮਾਨ ਹੈ। ਦੁਨੀਆ ਦੇ ਸਭ ਤੋਂ ਵੱਡੇ ਕਪਾਹ ਨਿਰਯਾਤਕ ਬ੍ਰਾਜ਼ੀਲ ਦਾ ਉਤਪਾਦਨ 1.90 ਕਰੋੜ ਗੰਢ 'ਤੇ ਬਰਕਰਾਰ ਰੱਖਿਆ ਗਿਆ ਹੈ। ਉੱਥੇ ਹੀ, ਅਮਰੀਕਾ ਦਾ ਉਤਪਾਦਨ 2.67 ਲੱਖ ਗੰਢ ਘਟਾ ਕੇ 1.318 ਕਰੋੜ ਗੰਢ ਰਹਿਣ ਦਾ ਅਨੁਮਾਨ ਹੈ। ਤੁਰਕੀ ਵਿੱਚ ਵੀ ਉਤਪਾਦਨ ਘੱਟ ਰਹਿਣ ਕਾਰਨ ਉਸ ਦੇ ਕਪਾਹ ਦਰਾਮਦ ਦੇ ਅਨੁਮਾਨ ਵਿੱਚ 3 ਲੱਖ ਗੰਢ ਦਾ ਵਾਧਾ ਕਰਕੇ ਇਸ ਨੂੰ 53 ਲੱਖ ਗੰਢ ਕਰ ਦਿੱਤਾ ਗਿਆ ਹੈ। ਵਿਸ਼ਵ ਪੱਧਰ 'ਤੇ ਕਪਾਹ ਦੇ ਕਾਰੋਬਾਰ ਦੀ ਗੱਲ ਕਰੀਏ ਤਾਂ 2026-27 ਵਿੱਚ ਦੁਨੀਆ ਦਾ ਕੁੱਲ ਨਿਰਯਾਤ 1 ਲੱਖ ਗੰਢ ਤੋਂ ਵੱਧ ਵਧ ਕੇ 4.48 ਕਰੋੜ ਗੰਢ ਰਹਿਣ ਦਾ ਅਨੁਮਾਨ ਹੈ। ਇਸ ਵਿੱਚ ਆਈਵਰੀ ਕੋਸਟ ਅਤੇ ਮਿਸਰ ਤੋਂ ਵਧਣ ਵਾਲੀ ਸਪਲਾਈ ਦੀ ਅਹਿਮ ਭੂਮਿਕਾ ਹੋਵੇਗੀ। ਬ੍ਰਾਜ਼ੀਲ ਤੋਂ 1.60 ਕਰੋੜ ਗੰਢ ਅਤੇ ਅਮਰੀਕਾ ਤੋਂ 1.23 ਕਰੋੜ ਗੰਢ ਕਪਾਹ ਨਿਰਯਾਤ ਹੋਣ ਦਾ ਅਨੁਮਾਨ ਹੈ। ਆਸਟ?ਰੇਲੀਆ ਦਾ ਨਿਰਯਾਤ ਅਨੁਮਾਨ 45 ਲੱਖ ਗੰਢ 'ਤੇ ਬਰਕਰਾਰ ਰੱਖਿਆ ਗਿਆ ਹੈ। ਦੂਜੇ ਪਾਸੇ, ਵਿਸ਼ਵ ਪੱਧਰ 'ਤੇ ਕਪਾਹ ਦੀ ਖਪਤ ਵਿੱਚ ਵੀ ਕਮੀ ਆਉਣ ਦਾ ਅਨੁਮਾਨ ਹੈ। US41 ਨੇ 2026-27 ਲਈ ਖਪਤ ਦਾ ਅਨੁਮਾਨ 3 ਲੱਖ ਗੰਢ ਤੋਂ ਵੱਧ ਘਟਾ ਕੇ 12.27 ਕਰੋੜ ਗੰਢ ਕਰ ਦਿੱਤਾ ਹੈ। ਕਮਜ਼ੋਰ ਖਪਤ ਕਾਰਨ ਬੰਗਲਾਦੇਸ਼ ਦੇ ਦਰਾਮਦ ਅਨੁਮਾਨ ਵਿੱਚ 2 ਲੱਖ ਗੰਢ ਦੀ ਕਟੌਤੀ ਕੀਤੀ ਗਈ ਹੈ। ਭਾਰਤ ਦਾ ਟੈਕਸਟਾਈਲ ਸੈਕਟਰ ਸਭ ਤੋਂ ਵੱਧ ਲੋਕਾਂ ਨੂੰ ਰੁਜ਼ਗਾਰ ਦੇਣ ਲਈ ਜਾਣਿਆ ਜਾਂਦਾ ਹੈ। ਇਸ ਦੇ ਨਾਲ ਹੀ ਕੌਮਾਂਤਰੀ ਬਾਜ਼ਾਰਾਂ ਵਿੱਚ ਵੀ ਭਾਰਤ ਦੇ ਟੈਕਸਟਾਈਲ ਅਤੇ ਗਾਰਮੈਂਟ ਦਾ ਨਿਰਯਾਤ ਕੀਤਾ ਜਾਂਦਾ ਹੈ। ਇੰਡਸਟਰੀ ਦੀਆਂ ਲੋੜਾਂ ਪੂਰੀਆਂ ਕਰਨ ਲਈ ਭਾਰਤ ਵਿਦੇਸ਼ਾਂ ਤੋਂ ਕਪਾਹ ਦਰਾਮਦ ਕਰਦਾ ਹੈ। ਹਾਲ ਹੀ ਵਿੱਚ ਕੱਪੜਾ ਉਦਯੋਗ 'ਤੇ ਵਧ ਰਹੇ ਦਬਾਅ ਕਾਰਨ ਭਾਰਤ ਨੇ ਕਪਾਹ ਦੀ ਡਿਊਟੀ-ਮੁਕਤ ਦਰਾਮਦ ਦੀ ਮਿਆਦ 31 ਦਸੰਬਰ 2026 ਤੱਕ ਵਧਾ ਦਿੱਤੀ ਹੈ। ਗਲੋਬਲ ਪੱਧਰ 'ਤੇ ਕਪਾਹ ਦਾ ਉਤਪਾਦਨ ਘਟਣ ਨਾਲ ਭਾਰਤ ਦੀ ਟੈਕਸਟਾਈਲ ਇੰਡਸਟਰੀ 'ਤੇ ਹੋਰ ਦਬਾਅ ਪੈ ਸਕਦਾ ਹੈ। ਮਾਹਿਰਾਂ ਮੁਤਾਬਕ ਇਸ ਦਾ ਅਸਰ ਟੈਕਸਟਾਈਲ ਅਤੇ ਗਾਰਮੈਂਟਸ ਦੀਆਂ ਕੀਮਤਾਂ 'ਤੇ ਵੀ ਦੇਖਣ ਨੂੰ ਮਿਲ ਸਕਦਾ ਹੈ। ਏਸ਼ੀਆਈ ਦੇਸ਼ਾਂ ਵਿੱਚ ਚੀਨ ਅਤੇ ਬੰਗਲਾਦੇਸ਼ ਦਾ ਕੱਪੜਾ ਉਦਯੋਗ ਭਾਰਤ ਤੋਂ ਅੱਗੇ ਹੈ।

ਕਾਂਗਰਸੀ ਆਗੂ ਦੇ ਘਰ 'ਤੇ ਚੱਲੀਆਂ ਤਾੜ-ਤਾੜ ਗੋਲੀਆਂ, ਪਹਿਲਾਂ ਫ਼ੋਨ 'ਤੇ ਮਿਲੀ ਸੀ ਧਮਕੀ

ਬਕਸਰ 20 ਨਵੰਬਰ। ਨਗਰ ਥਾਣਾ ਖੇਤਰ ਅਧੀਨ ਧੋਬੀਘਾਟ ਨਿਵਾਸੀ ਸ਼ਹਿਰ ਦੇ ਕਾਰੋਬਾਰੀ ਅਤੇ ਕਾਂਗਰਸੀ ਆਗੂ ਸ਼ੁਭਮ ਤਿਵਾਰੀ ਦੇ ਘਰ 'ਤੇ ਬੁੱਧਵਾਰ ਰਾਤ ਫਾਇਰਿੰਗ ਕੀਤੇ ਜਾਣ ਦੀ ਘਟਨਾ ਸਾਹਮਣੇ ਆਈ ਹੈ। ਪੀੜਤ ਮੁਤਾਬਕ, ਫਾਇਰਿੰਗ ਤੋਂ ਕੁਝ ਸਮਾਂ ਪਹਿਲਾਂ ਇੱਕ ਨਾਮਜ਼ਦ ਵਿਅਕਤੀ ਨੇ ਫ਼ੋਨ 'ਤੇ ਉਸ ਨੂੰ ਜਾਨੋਂ ਮਾਰਨ ਦੀ ਧਮਕੀ ਵੀ ਦਿੱਤੀ ਸੀ। ਧਮਕੀ ਮਿਲਣ ਤੋਂ ਕੁਝ ਹੀ ਦੇਰ ਬਾਅਦ ਉਨ੍ਹਾਂ ਦੇ ਘਰ 'ਤੇ ਫਾਇਰਿੰਗ ਕੀਤੀ ਗਈ। ਮੌਕੇ 'ਤੇ ਪਹੁੰਚੀ ਪੁਲਿਸ ਨੇ ਜਾਂਚ ਦੌਰਾਨ ਘਟਨਾ ਵਾਲੀ ਥਾਂ ਤੋਂ ਇੱਕ ਖੋਲ ਬਰਾਮਦ ਕੀਤਾ ਹੈ। ਹਮਲਾਵਰਾਂ ਦੀ ਪਛਾਣ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਪੀੜਤ ਮੁਤਾਬਕ, ਬੁੱਧਵਾਰ ਰਾਤ 9 ਵਜੇ ਇੱਕ ਅਣਜਾਣ ਨੰਬਰ ਤੋਂ ਫ਼ੋਨ ਆਇਆ। ਫ਼ੋਨ ਕਰਨ ਵਾਲੇ ਨੇ ਆਪਣੀ ਪਛਾਣ ਦੱਸਦਿਆਂ ਉਸ ਨੂੰ ਸਵਾਗਤ ਰੈਸਟੋਰੈਂਟ ਦੇ ਮਾਮਲੇ ਤੋਂ ਦੂਰ ਰਹਿਣ ਦੀ ਹਦਾਇਤ ਦਿੱਤੀ ਅਤੇ ਅਜਿਹਾ ਨਾ ਕਰਨ 'ਤੇ ਜਾਨੋਂ ਮਾਰਨ ਦੀ ਧਮਕੀ ਦਿੱਤੀ। ਪੀੜਤ ਦਾ ਕਹਿਣਾ ਹੈ ਕਿ ਇਸ ਤੋਂ ਕੁਝ ਹੀ ਦੇਰ ਬਾਅਦ ਕੁਝ ਅਣਜਾਣ ਵਿਅਕਤੀਆਂ ਨੇ ਉਸ ਦੇ ਘਰ 'ਤੇ ਲਗਾਤਾਰ ਕਈ ਰਾਊਂਡ ਫਾਇਰਿੰਗ ਕੀਤੀ। ਘਟਨਾ ਦੀ ਸੂਚਨਾ ਉਨ੍ਹਾਂ ਨੇ ਤੁਰੰਤ ਪੁਲਿਸ ਨੂੰ ਦਿੱਤੀ। ਸੂਚਨਾ ਮਿਲਦਿਆਂ ਹੀ ਪਹੁੰਚੀ ਪੁਲਿਸ ਨੇ ਜਾਂਚ ਦੌਰਾਨ ਮੌਕੇ ਤੋਂ ਖੋਲ ਵੀ ਬਰਾਮਦ ਕੀਤਾ ਹੈ। ਘਟਨਾ ਦੀ ਪੁਸ਼ਟੀ ਕਰਦਿਆਂ ਥਾਣਾ ਮੁਖੀ ਮਨੋਜ ਕੁਮਾਰ ਸਿੰਘ ਨੇ ਦੱਸਿਆ ਕਿ ਸੂਚਨਾ ਮਿਲਦੇ ਹੀ ਸਦਰ ਐੱਸਡੀਪੀਓ ਨਾਲ ਮੌਕੇ 'ਤੇ ਪਹੁੰਚ ਕੇ ਘਟਨਾ ਸਥਾਨ ਦਾ ਮੁਆਇਨਾ ਕੀਤਾ ਗਿਆ। ਇਸ ਦੌਰਾਨ ਉੱਥੋਂ ਇੱਕ ਖੋਲ ਮਿਲਿਆ ਹੈ। ਸੀਸੀਟੀਵੀ ਫੁਟੇਜ ਵਿੱਚ ਦੋ ਵਿਅਕਤੀ ਪੀੜਤ ਦੇ ਕੈਂਪਸ ਵਿੱਚ ਦਾਖ਼ਲ ਹੁੰਦੇ ਅਤੇ ਬਾਹਰ ਨਿਕਲਦੇ ਦਿਖਾਈ ਦੇ ਰਹੇ ਹਨ, ਪਰ ਕੋਈ ਵੀ ਗੋਲੀ ਚਲਾਉਂਦਾ ਨਜ਼ਰ ਨਹੀਂ ਆ ਰਿਹਾ। ਫੁਟੇਜ ਵਿੱਚ ਦਿਖਾਈ ਦੇ ਰਹੇ ਨੌਜਵਾਨਾਂ ਦੀ ਪਛਾਣ ਕਰਨ ਦੇ ਨਾਲ-ਨਾਲ ਪੁਲਿਸ ਘਟਨਾ ਦੀ ਜਾਂਚ ਵਿੱਚ ਜੁਟੀ ਹੋਈ ਹੈ। ਇਸ ਮਾਮਲੇ ਵਿੱਚ ਪੀੜਤ ਵੱਲੋਂ ਵ?ਹਟਸਐਪ 'ਤੇ ਸੁਨੇਹਾ ਭੇਜਿਆ ਗਿਆ ਸੀ। ਲਿਖਤੀ ਸ਼ਿਕਾਇਤ ਮਿਲਦਿਆਂ ਹੀ ਐੱਫਆਈਆਰ ਦਰਜ ਕਰਕੇ ਅਗਲੀ ਕਾਰਵਾਈ ਕੀਤੀ ਜਾਵੇਗੀ।


ਭਾਰਤ ਕੋਲ ਸਮੁੰਦਰੀ ਈਂਧਨ ਸਪਲਾਈ ਕਰਨ ਵਾਲੇ ਪ੍ਰਮੁੱਖ ਗਲੋਬਲ ਹੱਬ ਵਜੋਂ ਉੱਭਰਨ ਦਾ ਮੌਕਾ

ਨਵੀਂ ਦਿੱਲੀ 20 ਨਵੰਬਰ। ਅੰਤਰਰਾਸ਼ਟਰੀ ਸਮੁੰਦਰੀ ਸੰਗਠਨ ਵੱਲੋਂ 2050 ਤੱਕ ਸਮੁੰਦਰੀ ਜਹਾਜ਼ਾਂ ਤੋਂ ਹੋਣ ਵਾਲੇ ਗ੍ਰੀਨਹਾਊਸ ਗੈਸ ਦੇ ਨਿਕਾਸ ਨੂੰ ਜ਼ੀਰੋ ਕਰਨ ਦੇ ਟੀਚੇ ਦੇ ਮੱਦੇਨਜ਼ਰ, ਭਾਰਤ ਕੋਲ ਬਾਇਓਫਿਊਲ, ਮੀਥੇਨੌਲ, ਅਮੋਨੀਆ ਅਤੇ ਐੱਲ.ਐੱਨ.ਜੀ. ਵਰਗੇ ਸਾਫ਼-ਸੁਥਰੇ ਸਮੁੰਦਰੀ ਈਂਧਨ ਸਪਲਾਈ ਕਰਨ ਵਾਲੇ ਇੱਕ ਪ੍ਰਮੁੱਖ ਗਲੋਬਲ ਹੱਬ ਵਜੋਂ ਉੱਭਰਨ ਦਾ ਸੁਨਹਿਰੀ ਮੌਕਾ ਹੈ। 11,098 ਕਿਲੋਮੀਟਰ ਲੰਬੀ ਤੱਟਵਰਤੀ ਰੇਖਾ, ਪ੍ਰਮੁੱਖ ਪੂਰਬ-ਪੱਛਮੀ ਸਮੁੰਦਰੀ ਵਪਾਰਕ ਮਾਰਗਾਂ 'ਤੇ ਰਣਨੀਤਕ ਸਥਿਤੀ, ਮਜ਼ਬੂਤ ਰਿਫਾਇਨਿੰਗ ਸਮਰੱਥਾ ਅਤੇ ਵਧਦੇ ਨਵਿਆਉਣਯੋਗ ਊਰਜਾ ਖੇਤਰ ਸਦਕਾ ਭਾਰਤ ਆਪਣੀਆਂ ਬੰਦਰਗਾਹਾਂ ਨੂੰ 'ਮਲਟੀ-ਫਿਊਲ ਬੰਕਰਿੰਗ ਹੱਬ' ਵਿੱਚ ਬਦਲ ਸਕਦਾ ਹੈ। ਅਪ੍ਰੈਲ 2026 'ਚ ਦੀਨਦਿਆਲ ਪੋਰਟ ਅਥਾਰਟੀ (ਕਾਂਡਲਾ) ਨੇ ਇੰਡੀਅਨ ਆਇਲ ਅਤੇ ਹੋਰ ਭਾਈਵਾਲਾਂ ਨਾਲ ਮਿਲ ਕੇ 'ਸ਼ਿਪ-ਟੂ-ਸ਼ਿਪ' ਮੀਥੇਨੌਲ ਬੰਕਰਿੰਗ ਦਾ ਸਫ਼ਲ ਟ?ਰਾਇਲ ਕੀਤਾ ਹੈ ਅਤੇ 2028-29 ਤੱਕ ਸਾਲਾਨਾ 5 ਲੱਖ ਟਨ ਗ੍ਰੀਨ ਈ-ਮੀਥੇਨੌਲ ਜੁਟਾਉਣ 'ਤੇ ਕੰਮ ਕਰ ਰਹੀ ਹੈ। ਇਸੇ ਤਰ੍ਹਾਂ ਤੂਤੀਕੋਰਿਨ ਸਥਿਤ ਵੀ.ਓ. ਚਿਦੰਬਰਨਾਰ ਪੋਰਟ 'ਤੇ ਗ੍ਰੀਨ ਹਾਈਡ?ਰੋਜਨ ਪਲਾਂਟ ਸ਼ੁਰੂ ਕੀਤਾ ਗਿਆ ਹੈ। ਇੱਕ ਅਧਿਐਨ ਅਨੁਸਾਰ, ਭਾਰਤੀ ਬੰਦਰਗਾਹਾਂ 'ਤੇ ਵਿਕਲਪਕ ਸਮੁੰਦਰੀ ਈਂਧਨ ਦੀ ਮੰਗ 2035 ਤੱਕ 42-65 ਪੇਟਾਜੂਲ ਅਤੇ 2047 ਤੱਕ 113-293 PJ ਤੱਕ ਪਹੁੰਚ ਸਕਦੀ ਹੈ। ਸਿੰਗਾਪੁਰ, ਰੋਟਰਡੈਮ ਅਤੇ ਫੁਜੈਰਾਹ ਵਰਗੇ ਗਲੋਬਲ ਹੱਬਾਂ ਦਾ ਮੁਕਾਬਲਾ ਕਰਨ ਲਈ ਭਾਰਤ ਨੂੰ ਪਹਿਲਾਂ ਮੁੰਦਰਾ, ਜਵਾਹਰ ਲਾਲ ਨਹਿਰੂ ਪੋਰਟ, ਚੇਨਈ ਅਤੇ ਤੂਤੀਕੋਰਿਨ ਵਰਗੀਆਂ ਵੱਧ ਆਵਾਜਾਈ ਵਾਲੀਆਂ ਬੰਦਰਗਾਹਾਂ 'ਤੇ ਆਉਣ ਵਾਲੇ ਜਹਾਜ਼ਾਂ ਨੂੰ ਈਂਧਨ ਸਪਲਾਈ ਕਰਕੇ ਇਸ ਬਾਜ਼ਾਰ ਦੀ ਨੀਂਹ ਰੱਖਣੀ ਹੋਵੇਗੀ। ਮਾਹਿਰਾਂ ਅਨੁਸਾਰ, ਭਾਰਤ ਨੂੰ ਇਸ ਖੇਤਰ ਵਿੱਚ ਮੋਹਰੀ ਬਣਨ ਲਈ ਸਪੱਸ਼ਟ ਰਾਸ਼ਟਰੀ ਸੁਰੱਖਿਆ ਤੇ ਰੈਗੂਲੇਟਰੀ ਢਾਂਚਾ ਤਿਆਰ ਕਰਨਾ, ਫਿਊਲ ਸਟੋਰੇਜ ਤੇ ਸਪਲਾਈ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨਾ, ਗ੍ਰੀਨ ਸ਼ਿਪਿੰਗ ਕੋਰੀਡੋਰਾਂ ਰਾਹੀਂ ਅੰਤਰਰਾਸ਼ਟਰੀ ਸ਼ਿਪਿੰਗ ਕੰਪਨੀਆਂ ਨਾਲ ਭਾਈਵਾਲੀ ਕਰਨਾ, ਬੰਦਰਗਾਹ ਕਰਮਚਾਰੀਆਂ ਨੂੰ ਸਪੈਸ਼ਲ ਟ?ਰੇਨਿੰਗ ਦੇਣਾ ਅਤੇ ਵਾਤਾਵਰਣ ਪ੍ਰਭਾਵਾਂ ਦਾ ਸਹੀ ਮੁਲਾਂਕਣ ਕਰਨਾ ਬੇਹੱਦ ਜ਼ਰੂਰੀ ਹੈ।

ਸ਼ੇਅਰ ਬਾਜ਼ਾਰ ਵਿੱਚ ਹਲਕੀ ਤੇਜ਼ੀ, ਸੈਂਸੇਕਸ 81,900 ਤੋਂ ਉੱਪਰ, ਨਿਫਟੀ 25,299 'ਤੇ ਬੰਦ

ਕੌਮੀ ਪੜ੍ਹਿਕਾ

ਨਵੀਂ ਦਿੱਲੀ 20 ਨਵੰਬਰ। ਸ਼ੇਅਰ ਬਾਜ਼ਾਰ ਬੰਦ: ਵੀਰਵਾਰ, 20 ਨਵੰਬਰ ਨੂੰ ਉਤਰਾਅ-ਚੜ੍ਹਾਅ ਭਰੇ ਕਾਰੋਬਾਰੀ ਸੈਸ਼ਨ ਦੌਰਾਨ ਭਾਰਤੀ ਸ਼ੇਅਰ ਬਾਜ਼ਾਰ ਹਲਕੀ ਤੇਜ਼ੀ ਨਾਲ ਬੰਦ ਹੋਏ। ਬਾਜ਼ਾਰ ਬੰਦ ਹੋਣ ਸਮੇਂ ਸੈਂਸੇਕਸ 31.61 ਅੰਕ ਜਾਂ 0.04 ਫ਼ੀਸਦੀ ਦੇ ਵਾਧੇ ਨਾਲ 81,911.01 'ਤੇ ਅਤੇ ਨਿਫਟੀ 44.30 ਅੰਕ ਜਾਂ 0.18 ਫ਼ੀਸਦੀ ਦੀ ਤੇਜ਼ੀ ਨਾਲ 25,299.35 'ਤੇ ਬੰਦ ਹੋਇਆ। ਲਗਭਗ 2,279 ਸ਼ੇਅਰਾਂ ਵਿੱਚ ਤੇਜ਼ੀ ਆਈ, 1,822 ਸ਼ੇਅਰਾਂ ਵਿੱਚ ਗਿਰਾਵਟ ਦਰਜ ਕੀਤੀ ਗਈ ਅਤੇ 167 ਸ਼ੇਅਰਾਂ ਵਿੱਚ ਕੋਈ ਬਦਲਾਅ ਨਹੀਂ ਹੋਇਆ। ਨਿਫਟੀ ਵਿੱਚ ਸਭ ਤੋਂ ਵੱਧ ਵਾਧਾ ਦਰਜ ਕਰਨ ਵਾਲੇ ਸ਼ੇਅਰਾਂ ਵਿੱਚ 8463 ਲਾਈਫ, ਬਜਾਜ ਫਾਈਨਾਂਸ, ਸ਼੍ਰੀਰਾਮ ਫਾਈਨਾਂਸ, SBI ਲਾਈਫ ਇੰਸ਼ੋਰੈਂਸ ਅਤੇ SBI ਸ਼ਾਮਲ ਸਨ। ਜਦਕਿ ਗਿਰਾਵਟ ਦਰਜ ਕਰਨ ਵਾਲੇ ਸ਼ੇਅਰਾਂ ਵਿੱਚ ONGC, HUL, M&M, ਨੇਸਲੇ ਅਤੇ ਪਾਵਰ ਗ੍ਰਿਡ ਕਾਰਪੋਰੇਸ਼ਨ ਸ਼ਾਮਲ ਰਹੇ। ਸੈਕਟਰਾਂ ਦਾ ਰੁਝਾਨ ਮਿਲਿਆ-ਜੁਲਿਆ ਰਿਹਾ। ਨਿਫਟੀ ਰੀਅਲਟੀ ਇੰਡੈਕਸ 3.6 ਫ਼ੀਸਦੀ ਦੀ ਤੇਜ਼ੀ ਨਾਲ ਸਭ ਤੋਂ ਅੱਗੇ ਰਿਹਾ। ਨਿਫਟੀ PSU ਬੈਂਕ ਵਿੱਚ 0.93 ਫ਼ੀਸਦੀ ਦਾ ਵਾਧਾ ਹੋਇਆ, ਜਦਕਿ ਨਿਫਟੀ ਮੀਡੀਆ ਅਤੇ ਨਿਫਟੀ ਬੈਂਕ ਵਿੱਚ ਕ੍ਰਮਵਾਰ 0.83 ਫ਼ੀਸਦੀ ਅਤੇ 0.71 ਫ਼ੀਸਦੀ ਦੀ ਤੇਜ਼ੀ ਦਰਜ ਕੀਤੀ ਗਈ। ਦੂਜੇ ਪਾਸੇ, ਨਿਫਟੀ ਆਟੋ ਵਿੱਚ ਸਭ ਤੋਂ ਵੱਧ 1.49 ਫ਼ੀਸਦੀ ਦੀ ਗਿਰਾਵਟ ਆਈ। ਇਸ ਤੋਂ ਬਾਅਦ ਨਿਫਟੀ ਫਾਰਮਾ ਰਿਹਾ, ਜਿਸ ਵਿੱਚ 0.84 ਫ਼ੀਸਦੀ ਦੀ ਕਮੀ ਦਰਜ ਕੀਤੀ ਗਈ। ਨਿਫਟੀ 6$37 ਅਤੇ ਆਇਲ ਐਂਡ ਗੈਸ ਵਿੱਚ ਕ੍ਰਮਵਾਰ 0.63 ਫ਼ੀਸਦੀ ਅਤੇ 0.66 ਫ਼ੀਸਦੀ ਦੀ ਗਿਰਾਵਟ ਆਈ, ਜਦਕਿ ਨਿਫਟੀ 9", ਐਨਰਜੀ ਅਤੇ ਇਨਫਰਾ ਵਿੱਚ ਕ੍ਰਮਵਾਰ 0.64 ਫ਼ੀਸਦੀ, 0.55 ਫ਼ੀਸਦੀ ਅਤੇ 0.42 ਫ਼ੀਸਦੀ ਦੀ ਕਮੀ ਦਰਜ ਕੀਤੀ ਗਈ। ਨਿਫਟੀ ਮਿਡਕੈਪ ਇੰਡੈਕਸ ਵਿੱਚ 0.7 ਫ਼ੀਸਦੀ ਅਤੇ ਸਮਾਲਕੈਪ ਇੰਡੈਕਸ ਵਿੱਚ 1.1 ਫ਼ੀਸਦੀ ਦੀ ਤੇਜ਼ੀ ਆਈ। ਜੀਓਜੀਤ ਇਨਵੈਸਟਮੈਂਟਸ ਲਿਮਟਿਡ ਦੇ ਰਿਸਰਚ ਮੁਖੀ ਵਿਨੋਦ ਨਾਇਰ ਨੇ ਕਿਹਾ, ਹਾਲ ਹੀ ਵਿੱਚ ਆਈ ਤੇਜ਼ ਰੈਲੀ ਤੋਂ ਬਾਅਦ 9", 6$37 ਅਤੇ ਆਟੋਮੋਬਾਈਲ



ਸੈਕਟਰਾਂ ਵਿੱਚ ਮੁਨਾਫ਼ਾ ਵਸੂਲੀ ਹੋਈ। ਇਸ ਦੀ ਭਰਪਾਈ ਲਈ ਵਿੱਤੀ ਅਤੇ ਰੀਅਲਟੀ ਸੈਕਟਰਾਂ ਵਿੱਚ ਖਰੀਦਦਾਰੀ ਹੋਣ ਕਾਰਨ ਭਾਰਤੀ ਇਕੁਇਟੀ ਬਾਜ਼ਾਰ ਲਗਭਗ ਸਥਿਰ ਕਾਰੋਬਾਰ ਕਰਦਾ ਰਿਹਾ।

ਮਜ਼ਬੂਤ ਵਿਦੇਸ਼ੀ ਨਿਵੇਸ਼ ਬਾਜ਼ਾਰ ਲਈ ਮੁੱਖ ਸਹਾਰਾ ਬਣਿਆ ਰਿਹਾ, ਜਿਸ ਨੇ ਵਿਆਪਕ ਸੂਚਕ ਅੰਕ ਦੀ ਬਜਾਏ ਵੱਡੀਆਂ ਕੰਪਨੀਆਂ ਦੇ ਵਿੱਤੀ ਸ਼ੇਅਰਾਂ ਵਿੱਚ ਨਿਵੇਸ਼ ਨੂੰ ਹੁਲਾਰਾ ਦਿੱਤਾ। ਉਨ੍ਹਾਂ ਅੱਗੇ ਕਿਹਾ ਕਿ ਮਿਡਕੈਪ ਅਤੇ ਸਮਾਲਕੈਪ ਸ਼ੇਅਰਾਂ ਨੇ ਫਿਰ ਵੀ ਬਿਹਤਰ ਪ੍ਰਦਰਸ਼ਨ ਕੀਤਾ, ਜੋ ਕਮਜ਼ੋਰ ਬੈਂਚਮਾਰਕ ਦੇ ਬਾਵਜੂਦ ਨਿਵੇਸ਼ਕਾਂ ਦੀ ਮਜ਼ਬੂਤ ਜੋਖਮ ਲੈਣ ਦੀ ਇੱਛਾ ਦਾ ਸੰਕੇਤ ਦਿੰਦਾ ਹੈ। ਕੱਚੇ ਤੇਲ ਦੀਆਂ ਕੀਮਤਾਂ ਵਿੱਚ ਨਰਮੀ ਨੇ ਆਰਥਿਕ ਮੋਰਚੇ 'ਤੇ ਰਾਹਤ ਦਿੱਤੀ, ਹਾਲਾਂਕਿ ਵਿਸ਼ਵ ਪੱਧਰ 'ਤੇ ਤਕਨਾਲੋਜੀ ਖੇਤਰ ਵਿੱਚ ਅਸਥਿਰਤਾ ਅਤੇ ਉਮੀਦ ਨਾਲੋਂ ਵੱਧ ਅਮਰੀਕੀ ਮਹਿੰਗਾਈ ਦੇ ਅੰਕੜਿਆਂ ਕਾਰਨ ਬਾਜ਼ਾਰਾਂ ਦੀ ਤੇਜ਼ੀ ਸੀਮਤ ਰਹੀ।

ਤੇਜ਼ ਰਫਤਾਰ ਬਣੀ 'ਕਾਲ' ! ਹਰਦੋਈ ਵਿੱਚ ਟਰੈਕਟਰ-ਟਰਾਲੀ ਦੀ ਟੱਕਰ 'ਚ ਚਾਚੇ-ਭਤੀਜੇ ਦੀ ਮੌਤ

ਹਰਦੋਈ 20 ਨਵੰਬਰ। ਉੱਤਰ ਪ੍ਰਦੇਸ਼ ਦੇ ਹਰਦੋਈ ਜ਼ਿਲ੍ਹੇ ਦੇ ਸੁਰਸਾ ਥਾਣਾ ਖੇਤਰ ਵਿੱਚ ਸ਼ਨੀਵਾਰ ਨੂੰ ਟਰੈਕਟਰ-ਟਰਾਲੀ ਦੀ ਟੱਕਰ ਵਿੱਚ ਬਾਈਕ ਸਵਾਰ ਚਾਚੇ-ਭਤੀਜੇ ਦੀ ਮੌਤ ਹੋ ਗਈ। ਪੁਲਸ ਅਨੁਸਾਰ ਸ਼ਹਿਰ ਕੋਤਵਾਲੀ ਖੇਤਰ ਦੇ ਸਿਕੰਦਰਪੁਰ ਪਿੰਡ ਦਾ ਰਹਿਣ ਵਾਲਾ ਸੌਤਿਆਪਾਲ ਆਪਣੇ ਭਤੀਜੇ ਸੂਰਜ ਨਾਲ ਪਿਛਲੀ ਸ਼ਾਮ ਕ